ਸਰਪ੍ਰਸਤ ਗੁਰਗੱਦੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਮਾਸਕ ਪੱਤਰ

# ੴ ਅਜੂਨੀ

ਮਾਰਚ, ਅਪਰੈਲ, ਮਈ 1977

## ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ

ਆਪਣੇ ਦੋਹਾਂ ਸਾਹਿਬਜ਼ਾਦਿਆਂ ਨਾਲ



ਬਾਬਾ ਸ੍ਰੀਚੰਦ ਜੀ॥ ਸ੍ਰੀ ਗੁਰੂ ਨਾਨਕ ਦੇਵ ਜੀ॥ ਬਾਬਾ ਲਖਮੀਦਾਸ ਜੀ॥

# GUR-BANSAWALI

Sri Guru Nanak Dev Ji Maharaj
(Founder of Sikh Panth)

Baba Shri Chand ji Udasi

Baba Lakhmi Chand ji

Baba Dharam Chand ji

Baba Manak Chand ji

Baba Mehar Chand ji

Baba Datar Chand ji    Baba Jagat Chand ji    Baba Hans Raj ji    Baba Anait Chand ji

B. Gurdit Chand ji  B. Pahar Chand ji  B. Tara Chand ji  B. Fatheh Chand ji  B. Udhai Chand ji

B. Harkaran Chand ji  B. Mansa Chand ji  B. Asa chand ji  B. Suraj Singh ji

B. Nihal Chand ji    B. Harjas ji    B. Deep Chand ji    B. Sukhdev ji

Baba Kaladhari ji    Baba Lajiadhari ji

B. Koir Singh ji  B. Dharam Singh ji  B. Ajit Singh ji  B. Sagar chand ji  B. Avtar Chand ji

Sri Hazur Baba Sahib Singh ji Bedi

Sri Baba Bishan Singh ji    Sri Baba Teg Singh ji    Sri Hazur Baba Bikrma Singh ji

Sri Baba Attar Singh ji

Sri Baba Khem Singh ji

Sri Hazur Baba Surjan Singh ji

Sri Hazur Baba Ram Kishan Singh ji

Sri Hazur Baba Devinder Singh ji

Sri Hazur Baba Madhusudan Singh ji
(Present Gadhi-Nashin)

Tikka Sarabjot Singh ji

ੴ

ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਗੱਦੀ-ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਬੇਦੀ ਊਨਾ ਸਾਹਿਬ ਦੀ

ਸਰ-ਪ੍ਰਸਤੀ ਹੇਠ ਛਪਣ ਵਾਲਾ

ਮਾਸਕ ਪੱਤਰ **ਅਜੂਨੀ** ਮਨਸੂਰਾਂ(ਲੁਧਿਆਣਾ)

ਸੰਪਾਦਕ : ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਸਾਲ 8] ਮਾਰਚ, ਐਪ੍ਰਲ, ਮਈ 1977 [ਅੰਕ 3,4,5

## ਤਿਲੰਗ ਮਹਲਾ ੪

ਹਰਿ ਕੀਆਂ ਕਥਾ ਕਹਾਣੀਆਂ ਗੁਰਿ ਮੀਤਿ ਸੁਣਾਈਆਂ ।
ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆਂ ।
ਆਇ ਮਿਲੁ ਗੁਰ ਸਿਖ ਆਇ ਮਿਲੁ ਤੂੰ ਮੇਰੇ ਗੁਰੂ ਕੇ ਪਿਆਰੇ ॥ ਰਹਾਉ ॥
ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ।
ਜਿਨ ਗੁਰਿ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥2॥
ਜਿਨ ਸਤਿ ਗੁਰ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ ।
ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦਿ ਬਲਿਹਾਰੀ ॥3॥
ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣ ਹਾਰਾ ।
ਗੁਰ ਸੇਵਾ ਤੇ ਪਾਈਐ ਗੁਰ ਮੁਖਿ ਨਿਸਤਾਰਾ ॥4॥
ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਣਾ ।
ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਣਾ ।

**ਵਧਾਈ** **ਵਧਾਈ** **ਵਧਾਈ**

ਧੰਨ ਗੁਰੂ ਨਾਨਕ ਪਾਤਸ਼ਾਹ ਦੇ ਦਰ ਘਰ ਨੂੰ ਤੇ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਵਲੋਂ ਸੰਗਤਾਂ ਨੂੰ ਵਧਾਈ ਹੋਵੇ, ਜੋ ਸ੍ਰੀ ਹਜ਼ੂਰ ਜੀ ਦੀ ਬੱਚੀ ਬੀਬੀ ਸਵਰਨੀਕ ਕੌਰ ਜੀ ਦੀ ਸਗਾਈ 19 ਜੂਨ 1977 ਨੂੰ ਦਿੱਲੀ ਵਿਖੇ, ਕਾਕਾ ਰਣਬੀਰ ਸਿੰਘ ਸਪੁੱਤਰ ਸਰਦਾਰ ਦੀਦਾਰ ਸਿੰਘ ਜੀ ਸਭਰਵਾਲ, ਕਲਕਤੇ ਵਾਲਿਆਂ ਨਾਲ ਬੜੀ ਧੂਮ ਧਾਮ ਨਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸ਼ਗਨ ਬਚਿਆਂ ਨੂੰ ਲਗਾ, ਅਰਦਾਸ ਕੀਤੀ ਗਈ ਸਤਿਗੁਰ ਸਚੇ ਪਾਤਸ਼ਾਹ ਦਾ ਹੁਕਮਨਾਮਾ, ਪ੍ਰਸੰਤਾ ਭਰਿਆ

ਆਦ ਪੂਰਨ ਮਧ ਪੂਰਨ
ਅੰਤ ਪੂਰਨ ਪ੍ਰਮੇਸ਼ਵਰੇ''

ਪ੍ਰਾਪਤ ਹੋਆ। ਸਰਬਤ ਨੂੰ ਗੁਰੂ ਘਰ ਦੀਆਂ ਖੁਸ਼ੀਆਂ।

---

# ਲੇਖ ਸੂਚੀ


| | | | |
|---|---|---|---|
| 1) | ਗੁਰਵਾਕ | ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ | 3 |
| 2) | ਸੰਪਾਦਕੀ | ਸੰਤਾਨਕ ਇਤਿਹਾਸ ਸ੍ਰੀ ਗੁਰੂ ਨਾਨਕ ਦੇਵ ਜੀ | 5 |
| 3) | ਕਵਿਤਾ | ਇੰਦਰ ਸਿੰਘ ਇਲਮਵਾਦੀ — | 8 |
| 4) | ਗੁਰ ਦੀਖਿਆ | — | 9 |
| 5) | ਅਸਥਾਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ | — | 13 |
| 6) | ਆਰਤੀ ਦੀ ਚਰਚਾ | ਸ੍ਰੀ ਹਜ਼ੂਰ ਸਾਹਿਬ ਮ੍ਰਯਾਦਾ ਪ੍ਰਬੋਧ | 16 |
| 7) | ਕਵਿਤਾ | ਸੇਵਾ ਰਾਮ ਨਾਰੰਗ — | 22—23 |
| 8) | ਸ੍ਰੀ ਬੀਰ ਮ੍ਰਗੇਸ਼ ਗੁਰਬਿਲਾਸ | ਕਥਾ ਪ੍ਰਸੰਗ — | 24 |
| 9) | Nanak Panthies | Ganda Singh | 29 |
| 10) | The Short Life of Guru Nanak | Rokha Sakrani | 38 |
| 11) | ਸਮਾਚਾਰ ਸੰਨ 1976 | ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ | 40 |


---


ਮਾਲਕ, ਪ੍ਰਕਾਸ਼ਕ ਅਤੇ ਛਾਪਕ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਮਨਸੂਰਾਂ (ਲੁਧਿਆਣਾ) ਨੇ ਮਹਿੰਦਰਾ ਆਰਟ ਪ੍ਰੈਸ, ਕਚਹਿਰੀ ਰੋਡ, ਲੁਧਿਆਣਾ ਤੋਂ ਛਪਵਾ ਕੇ ਦਫਤਰ 'ਅਜੂਨੀ' ਮਨਸੂਰਾਂ ਤੋਂ ਪ੍ਰਕਾਸ਼ਤ ਕੀਤਾ।

ੴ ਸਤਿਗੁਰ ਪ੍ਰਸਾਦਿ ॥

# ਸੰਤਾਨਕ ਇਤਿਹਾਸ ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ

ਪਿਛਲੇ ਸਫੇ ਤੇ ਗੁਰੂ ਨਾਨਕ ਪਾਤਸ਼ਾਹ ਦੀ ਸੰਤਾਨ ਜਿਸ ਨੇ ਦੇਸ਼ ਤੇ ਕੌਮ ਲਈ ਉਘੇ ਕਮ ਕੀਤੇ ਹਨ ਦਿਤੀ ਗਈ ਹੈ। ਇਸ ਘੁਰ ਪ੍ਰਣਾਲੀ ਨੂੰ ਗੁਰਗਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਕਿਹਾ ਜਾਂਦਾ ਹੈ। ਕਈ ਗੁਰਸਿੱਖ ਗੁਰਗਦੀ ਸ਼ਬਦ ਨੂੰ ਭੁਲੇਖੇ ਵਿਚ ਪਾ ਦਿੰਦੇ ਹਨ, ਅਤੇ ਇਸ ਸ਼ਬਦ ਤੋਂ ਮੁਰਾਦ ਗੁਰੂ ਨਾਨਕ ਪਾਤਸ਼ਾਹ ਤੋਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਗੁਰਗਦੀ ਦੇ ਨਾਲ ਸਬੰਧਤ ਕਰ ਦਿੰਦੇ ਹਨ। ਜੋ ਗ਼ਲਤ ਹੈ। ਇਸ ਸ਼ਬਦ ਦੀ ਅਰੰਭਤਾ ਆਪ ਦੀ ਸੰਤਾਨ ਨਾਲ ਹੈ। ਜਿਸ ਨੂੰ ਡੇਰਾ ਬਾਬਾ ਨਾਨਕ ਵਿਖੇ ਸਾਰੀ ਬੇਦੀ ਬੰਸ ਨੇ ਇਕੱਠੇ ਹੋ ਕਿ ਵਿਸਾਖੀ ਵਾਲੇ ਦਿਹਾੜੇ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੂੰ ਗੱਦੀ ਤੇ ਬਿਰਾਜਮਾਨ ਕਰ ਕੇ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਚਾਰ ਕਰਨ ਲਈ ਅਤੇ ਦੱਸਾਂ ਜੋਤਾਂ ਉਪਰੰਤ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਗੁਰੂ ਜਾਨਣ ਲਈ ਥਾਪਿਆ ਗਿਆ। ਇਸ ਦਾ ਕੋਈ ਮੁਕਾਬਲਾ ਨਹੀਂ। ਇਸ ਗੁਰਗਦੀ ਨੇ ਸਦਾ ਹੀ ਆਪਣੇ ਆਪ ਨੂੰ ਦੱਸਾਂ ਪਾਤਸ਼ਾਹਾਂ ਦਾ ਉਪਰੰਤ ਗੁਰੂ ਗਰੰਥ ਸਾਹਿਬ ਦਾ ਸੇਵਕ ਹੀ ਜਾਣਿਆ ਹੈ ਅਤੇ ਆਤਮਕ ਸੇਵਾ ਕਰਦੇ ਚਲੇ ਆਏ ਹਨ। ਇਸ ਗੁਰਗਦੀ ਦਾ ਪ੍ਰਤਾਪ ਸੀ। ਜੋ ਸਿਖ ਕੌਮ ਨੂੰ ਏਕਤਾ ਬਖਸ਼ੀ। ਮਹਾਰਾਜਾ ਸ਼ੇਰੇ ਪੰਜਾਬ ਨੂੰ 1801 ਵਿਸਾਖੀ ਵਾਲੇ ਦਿਹਾੜੇ ਰਾਜ ਤਿਲਕ ਦੇ ਕੇ ਸਿਖ ਰਾਜ ਕਾਇਮ ਕੀਤਾ। ਇਨ੍ਹਾਂ ਗਲਾਂ ਕਰਕੇ ਅੱਜ ਤਕ ਪੂਜੀ ਚਲੀ ਆਉਂਦੀ ਹੈ। ਸੰਗਤਾਂ ਦਾ ਬੇਅੰਤ ਪਿਆਰ ਤੇ ਸਤਿਕਾਰ ਹੈ। ਜਦ ਕੇ ਜਿਸ ਵਸਤੂ ਨੇ ਚਰਨਾਂ ਦੀ ਹੱਥਾਂ ਦੀ ਨਿਗਾਹ ਦੀ ਛੋਹ ਪ੍ਰਾਪਤ ਕੀਤੀ। ਚਾਹੇ ਉਹ ਪੱਥਰ ਹੀ ਕਿਉਂ ਨਾ ਹੋਣ। ਅੱਜ ਤਕ ਪੂਜੇ ਜਾਂਦੇ ਹਨ। ਪਰੰਤੂ ਐਸੀ ਸੇਵਕ ਸੰਤਾਨ ਗੁਰਘਦੀ ਵੀ ਪੂਜਣ ਯੋਗ ਹੈ। ਜਿਸ ਵਿਚ ਗੁਰੂ ਨਾਨਕ ਪਾਤਸ਼ਾਹ ਦਾ ਕੇਵਲ ਛੋਹ ਨਹੀਂ ਖ਼ੂਨੀ ਨਾਤਾ ਚਲਿਆ ਆਉਂਦਾ ਹੈ।

ਗੁਰਬਾਣੀ ਦੁਆਰਾ ਪਾਤਸ਼ਾਹ ਦਾ ਫੁਰਮਾਨ ਹੈ।

"ਭਗਤ ਜਨਾ ਕੇ ਇੱਕੀ ਕੁਲ ਅਧਾਰੈ"

ਪਰੰਤੂ ਇਹ ਤੇ ਗੁਰੂ ਨਾਨਕ ਪਾਤਸ਼ਾਹ ਦੀ ਆਪਣੀ ਕੁਲ ਅਜੇ ਸੋਲਵੀਂ ਪੀੜੀ ਤੇ ਪੁਜੀ ਹੈ ਇਸ ਤੋਂ ਬਾਦ ਸਾਰੇ ਹੀ ਬਾਰਕ ਤਪੱਸਵੀ ਮਹਾਂਪੁਰਸ਼ ਚਲੇ ਆਏ ਹਨ। ਇਸ ਵਾਸਤੇ ਇਨ੍ਹਾਂ ਦੀਆਂ ਅਨੇਕਾਂ ਹੀ ਕੁਲਾਂ ਤਾਰਕ ਹਨ। ਤੇ ਪੂਜਣ ਯੋਗ ਹਨ। ਇਤਹਾਸ ਤੇ

ਬੇਅੰਤ ਲਿਖਾਰੀਆਂ ਨੇ ਅਨੇਕਾਂ ਹੀ ਗਰੰਥ ਲਿਖੇ ਹਨ। ਜਿਨ੍ਹਾਂ ਤੋਂ ਆਪ ਦੀ ਉਪਮਾ ਹੋਣ ਤੇ ਜੱਸ ਹੁੰਦਾ ਹੈ। ਕੇਵਲ ਸੰਗਤਾਂ ਨੇ ਹੀ ਨਹੀਂ ਪਿਆਰ ਤੇ ਸਤਿਕਾਰ ਦਿਖਾਇਆ ਮਹਾਰਾਜ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਹਰਗੋਬਿੰਦ ਪਾਤਸ਼ਾਹ ਤਕ ਗੁਰੂ ਨਾਨਕ ਪਾਤਸ਼ਾਹ ਦੀ ਅੰਸ ਜਾਣ ਕੇ ਸਤਿਕਾਰ ਪਿਆਰ ਤੇ ਭੇਟਾ ਕਰਦੇ ਚਲੇ ਆਏ ਹਨ ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਹੱਦ ਹੀ ਮੁਕਾ ਦਿਤੀ। ਆਪ ਦੇ ਪਾਸ ਜੋ ਬੇਦੀ ਸਾਹਿਬ ਜਾਂਦਾ, ਜੋ ਸੰਪਰਦਾਇਕ ਪੁਸ਼ਾਕ ਸੇਲੀ ਤੇ ਟੋਪੀ ਪਹਿਨ ਕੇ ਆਵੇ 500 ਰੁਪਏ ਘੋੜੇ ਦੁਸ਼ਾਲੇ ਆਪ ਨੂੰ ਭੇਟਾ ਕਰਦੇ ਸਨ। ਤੇ ਸਤਿਕਾਰ ਵਜੋਂ ਆਪਣੇ ਨਾਲ ਬੈਠਾ ਲੈਂਦੇ ਸਨ। ਆਪ ਦੇ ਪਿਆਰ ਦਾ ਹੀ ਕਾਰਨ ਸੀ ਜੋ ਬਾਬਾ ਕਲਾਧਾਰੀ ਜੀ ਮਹਾਰਾਜ ਦੇ ਪੁਤਰ ਔਰ ਬਾਬਾ ਸਾਹਿਬ ਸਿੰਘ ਜੀ ਦੇ ਪਿਤਾ ਜੀ ਅਜੀਤ ਰਾਏ ਜੀ ਨੇ ਮਹਾਰਾਜ ਸ੍ਰੀ ਗੁਰੂ ਜੀ ਦੇ ਚਰਨਾਂ ਵਿਚ ਪੁਜ ਕੇ ਪਹਿਲੇ ਬੇਦੀ ਸਾਹਿਬਜ਼ਾਦਿਆਂ ਨੇ ਅੰਮ੍ਰਿਤ ਪਾਨ ਕੀਤਾ। ਔਰ ਖਾਲਸਾ ਮੇਰਾ ਰੂਪ ਹੈ ਦੀ ਪਦਵੀ ਹਾਸਲ ਕੀਤੀ ਇਸ ਪਿਉਂਦ ਦਾ ਹੀ ਨਤੀਜਾ ਸੀ ਜੋ ਆਪ ਦੇ ਸਪੁਤਰ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੇ ਖਾਲਸੇ ਦਾ ਡੰਕਾ ਕਾਬਲ ਕੰਧਾਰ ਤੋਂ ਲੈ ਕੇ ਮੁਰਾਦਾਬਾਦ ਤੇ ਕਸ਼ਮੀਰ ਤਕ ਖੜਕਾਇਆ। ਅਤੇ ਪੰਜਾਬ ਦੀ ਮਾਤਰ ਭੂਮੀ ਵਿਚ ਖਾਲਸੇ ਦਾ ਰਾਜ ਕਾਇਮ ਕੀਤਾ। ਜਿਸ ਰਾਜ ਦੇ ਵਿਚ ਹਿੰਦੂ ਮੁਸਲਮਾਨ ਕੌਮਾਂ ਦੇ ਬੱਚੇ ਸੁਖ ਮਾਣਦੇ ਰਹੇ।

ਇਸ ਸ਼ਕਤੀ ਦਾ ਨਤੀਜਾ ਸੀ ਜੋ ਬਾਬਾ ਜੀ ਦੇ ਸਾਹਿਬਜਾਦੇ ਬਾਬਾ ਬਿਕਰਮਾਂ ਸਿੰਘ ਜੀ ਮਹਾਰਾਜ ਨੇ ਜਦ ਅੰਗਰੇਜ਼ ਨੇ ਪੰਜਾਬ ਦੀ ਮਾਤਰ ਭੂਮੀ ਤੇ ਹੱਲਾ ਕੀਤਾ ਤੇ ਕਬਜ਼ਾ ਕਰ ਲਿਆ ਪਰ ਮਾਤਰ ਭੂਮੀ ਨੂੰ ਅਜ਼ਾਦ ਰਖਣ ਲਈ ਰਣ ਭੂਮੀ ਵਿਚ ਨਿਕਲੇ ਤੇ ਪੂਰਨ ਰਖਿਆ ਕੀਤੀ ਹੈ। ਮਹਾਰਾਜ ਰਣਜੀਤ ਸਿਘ ਜੀ ਦੀ ਗੱਦੀ ਤੇ ਮਹਾਰਾਜ ਸ਼ੇਰ ਸਿੰਘ ਨੂੰ ਆਪਣੇ ਹੱਸਤ ਕਮਲਾਂ ਨਾਲ ਬਿਰਾਜਮਾਨ ਕੀਤਾ। ਪਰੰਤੂ ਅੰਗਰੇਜ਼ ਦੀ ਕੁਟਲ ਨੀਤੀ ਚਲ ਗਈ। ਸੰਨ 1848 ਵਿਚ ਖਾਲਸੇ ਦੀ ਹਾਰ ਹੋਈ। ਅਤੇ ਅੰਗਰੇਜ਼ ਨੇ ਆਪਣਾ ਰਾਜ ਕਾਇਮ ਕੀਤਾ। ਬਾਬਾ ਬਿਕਰਮਾ ਸਿੰਘ ਜੀ ਨੂੰ ਸਭ ਤੋਂ ਵਡਾ ਵੈਰੀ ਜਾਣ ਕੇ ਸ੍ਰੀ ਅੰਮ੍ਰਿਤਸਰ ਅੰਤਮ ਸਮੇਂ ਤਕ ਨਜ਼ਰਬੰਦ ਕੀਤਾ। ਆਪ ਦਾ ਦਿਹਾਂਤ ਨਜ਼ਰਬੰਦੀ ਵਿਚ ਹੀ ਸੰਨ 1862 ਅਗਸਤ ਵਿਚ ਹੋਇਆ। ਆਪ ਦੇ ਕਿਲ੍ਹੇ ਦਰਿਆਈ ਸਤਲੁਜ ਦੇ ਨਾਲ ਦੇਸ਼ ਕੌਮ ਦੀ ਰਾਖੀ ਕਰਦੇ ਸਨ। ਊਨ੍ਹਾਂ ਸਾਹਿਬ, ਨੂਰਪੁਰ ਬੇਦੀਆਂ ਗੁਣਾਚੌਰ, ਮਲਸੀਹਾਂ ਤੇ ਦਖਣੀ ਦੀ ਸਰਾਇ ਢਾਹ ਢੇਰੀ ਕੀਤੇ ਗਏ। ਆਪ ਦੀ ਰਿਆਸਤ ਜਿਸ ਵਿਚ 117 ਪਿੰਡ ਸਨ ਉਸ ਸਮੇਂ ਮੁਤਾਬਕ ਦੋ ਲੱਖ ਰੁਪਈਆ ਸਾਲ ਦੀ ਆਮਦਨ ਸੀ ਸਰਕਾਰ ਨੇ ਜ਼ਬਤ ਕੀਤੇ। ਅਖੀਰ ਸਮੇਂ ਤਕ ਈਨ ਨਾ ਮੰਨੀ, ਸਿਰ ਨਾ ਝੁਕਾਇਆ, ਆਪਣੀ ਅਣਖ ਵਿਚ ਰਹਿੰਦਿਆਂ ਹੋਇਆ ਆਪਣੇ ਆਪ ਨੂੰ ਦੇਸ਼ ਤੇ ਕੌਮ ਤੋਂ ਕੁਰਬਾਨ ਕੀਤਾ।

ਅਜ ਵੀ ਇਹ ਸੰਤਾਨ ਆਪਣੇ ਬਜ਼ੁਰਗਾਂ ਦੇ ਪਾਏ ਪੂਰਣਿਆਂ ਤੇ ਚਲਦੀ ਹੋਈ ਦੇਸ਼ ਕੌਮ ਦੀ ਸੇਵਾ ਵਿਚ ਡੱਟੀ ਹੋਈ ਹੈ। ਅਜ ਵੀ ਪਿਛੇ-ਪਿਛੇ ਜਾ ਕੇ ਬਿਦੇਸ਼ਾਂ ਵਿਚ, ਇੰਗਲੈਂਡ, ਕੀਨੀਆਂ, ਦੱਖਣੀ ਕੇਨੈਡਾ ਗੁਰਸਿਖਾਂ ਨੂੰ ਗੁਰਬਾਣੀ ਦੁਆਰਾ ਗੁਰਮਤ ਦਾ ਪ੍ਰਚਾਰ ਕਰ ਰਹੀ ਹੈ।

## ਗੁਰ ਮੰਤਰ ਗੁਰੂ ਨਾਨਕ ਪਾਤਸ਼ਾਹ

ੴ
ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ
ਗੁਰਪ੍ਰਸਾਦਿ ॥
ਜਪੁ
ਆਦਿ ਸਚੁ ਜੁਗਾਦਿ ਸਚੁ ॥
ਹੈਭੀ ਸਚੁ ਨਾਨਕ ਹੋਸੀ ਭੀ ਸਚੁ ॥

ਅਨੇਕਾਂ ਗੁਰ ਅਸਥਾਨ ਕਾਇਮ ਕੀਤੇ ਗਏ ਹਨ। ਜਿਸ ਦੀ ਲਿਸਟ ਇਲੈਦਾ ਸ਼ਾਮਲ ਕੀਤੀ ਗਈ ਹੈ। ਵਰਤਮਾਨ ਸਮੇਂ ਦੇ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਗੱਦੀ ਨਸ਼ੀਨ ਹਨ। ਜੋ ਆਪਣੇ ਆਪ ਨੂੰ ਗੁਰੂ ਕਹਿ ਨਹੀਂ ਪੂਜਾ ਕਰਵਾਂਦੇ। ਗੁਰਗੱਦੀ ਦੇ ਸੇਵਕ ਬਣ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਹਾਜ਼ਰ ਨਾਜ਼ਰ ਜਾਣ ਕੇ ਗੁਰਸਿਖਾਂ ਨੂੰ ਉਪਦੇਸ਼ ਕਰਦੇ ਹਨ। ਕਿ ਗੁਰੂ ਨਾਨਕ ਪਾਤਸ਼ਾਹ ਅੱਜ ਵੀ ਮੌਜੂਦ ਹਨ। ਹਾਜ਼ਰ ਗੁਰੂ ਕਰ ਕੇ ਪੂਜਾ ਕਰੋ। ਆਪ ਦਾ ਗੁਰੂ ਮੰਤਰ ਜੋ ਛਾਪਿਆ ਗਿਆ ਹੈ। ਇਸ ਨੂੰ ਸੁਆਸ-ਸੁਆਸ ਸਿਮਰਨ ਕਰਿਆ ਕਰੋ। ਗੁਰੂ ਨਾਨਕ ਪਾਤਸ਼ਾਹ ਪ੍ਰਸੰਨ ਹੋ ਕੇ ਜੋ ਗੁਰਸਿਖ ਮੰਗਦਾ ਹੈ। ਤੇ ਬਖਸ਼ਦੇ ਹਨ।

1. ਜੋ ਮਾਂਗੈ ਠਾਕਰ ਆਪਣੇ ਤੇ ਸੋਈ ਸੋਈ ਦੇਵੈ।
   ਨਾਨਕ ਦਾਸ ਮੁਖ ਤੇ ਜੋ ਬੋਲੇ ਈਹਾ ਊਹਾ ਸੱਚ ਹੋਵੈ।
2. ਗੁਰਸਿਖ ਮੀਤ ਚਾਲੋ ਗੁਰਚਾਲੀ ॥
   ਜੋ ਗੁਰੂ ਕਹੇ ਸੋਈ ਭੱਲ ਮਾਨਿਉ ਹਰਿ ਹਰਿ ਕਥਾ ਨਿਰਾਲੀ।
   ਗੁਰੂ ਤੋਂ ਮੁਰਾਦ ਗੁਰੂ ਨਾਨਕ ਪਾਤਸ਼ਾਹ ਦੀ ਹੈ।
3. ਘਰ ਸੁਖ ਵਸਿਆ ਬਾਹਰ ਸੁਖ ਪਾਇਆ ਕਹੁ ਨਾਨਕ ਗੁਰ ਮੰਤਰ ਦ੍ਰਿੜਾਇਆ।

ਨਾਲ ਫਰਮਾਂਦੇ ਹਨ ਸੰਗਤ ਕਰੋ ਉਸ ਮਹਾਂਪੁਰਸ਼ ਦੀ ਜੋ ਗੁਰੂ ਨਾਨਕ ਪਾਤਸ਼ਾਹ ਨਾਲ ਜੋੜੇ। ਅੱਜ ਘੋਰ ਕਲਜੁਗ ਹੈ। ਪਾਪੀਆਂ ਪਖੰਡੀਆਂ ਦੰਭੀਆਂ ਤੋਂ ਬਚੋ।

ਸਚੇ ਮਾਰਗ ਚਲਦਿਆਂ ਉਸਤਤਿ ਕਰ ਜਹਾਨ।

ਇਸ ਕਰ ਕੇ ਦਾਸ ਨੂੰ ਪਿਆਰ, ਮਾਣ ਤੇ ਸਤਕਾਰ ਤੇ ਧੰਨ ਸੰਗਤਾਂ ਵਲੋਂ ਪ੍ਰਾਪਤ ਹੁੰਦਾ ਹੈ ਜੋ ਇਨ੍ਹਾਂ ਚੀਜ਼ਾਂ ਨੂੰ ਤੱਕ ਨਹੀਂ ਸਕਦੇ ਸੋ ਗੁਰੂ ਨਾਨਕ ਪਾਤਸ਼ਾਹ ਦੇ ਨਿੰਦਕ ਬਣ ਜਾਂਦੇ ਹਨ ਇਨ੍ਹਾਂ ਨਿੰਦਕਾਂ ਤੋਂ ਬਚੋ ਔਰ ਸੱਚ ਦੇ ਰਾਹ ਨੂੰ ਅਪਣਾਉ ਪੰਥ ਦੇਸ਼ ਤੇ ਕੌਮ ਨੂੰ ਚੜ੍ਹਦੀਆਂ ਕਲਾਂ ਵਿਚ ਪੁਚਾ ਲਉ। ਇਹ ਗੁਰੂ ਨਾਨਕ ਪਾਤਸ਼ਾਹ ਦਾ ਦਰ ਘਰ ਆਪ ਦੀ ਸੇਵਾ ਵਿਚ ਤੱਤਪਰ ਹੈ। ਜੇ ਕਰ ਇਸ ਗੱਲ ਨੂੰ ਸਮਝ ਲਵੋਗੇ।

ਬਾਬਾ ਸਾਹਿਬ ਸਿੰਘ ਪਾਤਸ਼ਾਹ ਦਾ ਸਿੱਖ ਰਾਜ ਕਾਇਮ ਕੀਤਾ ਹੋਇਆ ਖਾਲਸਾ ਜੀ ਆਪ ਕੋਲੋਂ ਦੂਰ ਨਹੀਂ। ਇਹ ਗੁਰਗੱਦੀ ਸੰਗਤਾਂ ਦੀ ਬੇਸ਼ਕ ਸੇਵਾ ਕਰ ਰਹੀ ਹੈ। ਕੇਵਲ ਸਮਝਣ ਦੀ ਲੋੜ ਹੈ। ਸਤਿਨਾਮ ਸ੍ਰੀ ਵਾਹਿਗੁਰੂ ਨਾਮ ਚਿੱਤ ਆਵੈ।

ਮਰਜ਼ੀ ਹੈ ਜਿੱਥੋਂ ਚਾਹੇ ਪੜ੍ਹੇ। ਹਕੀਮੀ ਦੀਆਂ ਕਿਤਾਬਾਂ ਵੈਦਕ ਗ੍ਰੰਥਾਂ ਵਿਚ ਦਵਾਈਆਂ ਦੇ ਨੁਸਖ਼ੇ ਲਿਖੇ ਹੈਨ। ਪਰ ਉਨ੍ਹਾਂ ਕਿਤਾਬਾਂ ਗ੍ਰੰਥਾਂ ਦੇ ਪੜ੍ਹਦਿਆਂ ਹੀ ਬੀਮਾਰੀ ਦੂਰ ਨਹੀਂ ਹੋ ਜਾਂਦੀ। ਜਦ ਤਕ ਉਸ ਪਰ ਲਿਖੀ ਹੋਈ ਦਵਾਈ, ਦਵਾਈ ਵਾਲੇ ਕੋਲੋਂ ਲੈਕੇ ਸੇਵਨ ਨਾ ਕਰੇ। ਸੋ ਜਨਮ ਮਰਨ ਆਦਿਕ ਰੋਗ ਦੇ ਦੂਰ ਕਰਨ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਗੁਰਮਤ ਰੂਪੀ ਹਕੀਮੀ ਦਾ ਗ੍ਰੰਥ ਹੈ। ਜਿੱਥੋਂ ਕੱਢੋ ਇਕੋ ਨੁਸਖ਼ਾ ਹੈ। ਤੇ ਜਿੱਥੋਂ ਦਵਾਈ ਮਿਲਦੀ ਹੈ ਉਸ ਦਵਾਈ ਵਾਲੇ ਦਾ ਪਤਾ ਭੀ ਦਿੱਤਾ ਹੈ। ਨੁਸਖ਼ਾ ਏਹੁ ਕਿ ਗੁਰ ਸ਼ਬਦ (ਗੁਰਮੰਤ੍ਰ) ਕਮਾਉ। ਤੇ ਏਹ ਗੁਰਮੰਤ੍ਰ ਦਵਾਈ ਰੂਪ ਪਦਾਰਥ ਸੰਤਾਂ ਗੁਰਾਂ ਪਾਸ ਹੈ ਜੈਸੇ ਉਪਰ ਬਰਨਿਨ ਹੋ ਚੁਕਾ ਹੈ॥ ਅਤੇ ਇਤਿ ਆਦਿਕ ਬਚਨਾਂ ਦੀ ਗਵਾਹੀ ਹੈ॥

ਜਿਸ ਵਖਰ ਕਉ ਲੈਨ ਤੂੰ ਆਇਆ॥ ਰਾਮ ਨਾਮ ਸੰਤਨ ਘਰ ਪਾਇਆ॥
ਤਜ ਅਭਿਮਾਨ ਲੇਹੁ ਮਨ ਮੋਲ॥ ਰਾਮ ਨਾਮ ਹਿਰਦੇ ਮਹਿ ਤੋਲ॥
ਲਾਦ ਖੇਪ ਸੰਤਹਿ ਸੰਗ ਚਾਲ॥ ਅਵਰ ਤਿਆਗ ਵਿਖਿਆ ਜੰਜਾਲ॥
ਹੋਰ—ਰਾਮ ਨਾਮ ਕੀਰਤਨ ਰਤਨ ਵਥ ਹਰਿ ਸਾਧੂ ਪਾਸ ਰਖੀਜੈ॥
ਜੋ ਬਚਨ ਗੁਰੂ ਸਤਿ ਸਤਿ ਕਰ ਮਾਨੈ ਤਿਸ ਆਗੈ ਕਾਢ ਧਰੀਜੈ॥

ਸੋ ਸੰਤ ਅਥਵਾ ਸਾਧੂ ਕਿਸੀ ਗ੍ਰੰਥ ਨੂੰ ਨਹੀਂ ਕਹਿਆ ਜਾਂਦਾ। ਮਾਨੁਖ ਵਿਯਕਤੀ ਨੂੰ ਸੰਤ ਕਹੀਦਾ ਹੈ। ਸੰਤਾਂ ਵਿੱਚੋਂ ਸੋ ਮਾਨੁਖ ਵਿਯਕਤੀ ਜੋ ਕੋਈ ਕਿਸੀ ਨੂੰ ਨਾਮ ਦਾਨ ਬਖ਼ਸ਼ੇ ਅਰਥਾਤ ਗੁਰ ਦੀਖਿਆ ਦੇਵੇ, ਸੋ ਉਸਦਾ ਓਹੋ ਗੁਰੂ ਹੈ। ਜੈਸਾ ਉਪਰ ਬਰਨਿਨ ਹੋਇਆ ਹੈ॥

ਅਸਲ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਜੋ ਗੁਰੂ ਹੈਨ ਪ੍ਰੇਰਕ ਗੁਰੂ ਹੈਨ। ਪ੍ਰਿਥਮ ਕਾਲ ਜਗਯਾਸੂ ਨੂੰ ਜੋ ਭ੍ਰਮ ਹੋਂਦਾ ਹੈ ਕਿ ਮੈਂ ਕੀ ਕਰਾਂ ਉਸਨੂੰ ਹੋਰ ਸਾਰੇ ਪਾਸੇ ਛੁਡਾਇਕੇ ਸੰਤਾਂ ਦੀ ਸਰਨੀ ਜਾ ਦੀਖਿਆ ਲੈਨ ਦੀ ਪ੍ਰੇਰਨਾ ਕਰਦੇ ਹੈਨ। ਅਤੇ ਬ੍ਰਹਮ ਸ੍ਰੋਤ੍ਰੀ ਨੂੰ ਨੇਸਟਾ ਬਖ਼ਸ਼ਦੇ ਹੈਨ ਅਤੇ ਦੇਹਧਾਰੀ ਸੰਤ ਗੁਰੂ ਹੈਨ ਓਹ ਉਸ ਪਦਾਰਥ ਦੀ ਬਖ਼ਸ਼ੀਸ਼ ਕਰਦੇ ਹੈਨ ਜਿਸ ਪਦਾਰਥ ਲਈ ਗੁਰੂ ਗ੍ਰੰਥ ਸਾਹਿਬ ਜੀ ਸੰਤਾਂ ਦੀ ਸਰਨੀ ਜਾਣੇ ਵਾਸਤੇ ਪ੍ਰੇਰਦੇ ਹੈਨ॥

ਸੋ ਐਸੇ ਸੰਤ ਗੁਰੂ ਦਸ ਪਾਤਿਸ਼ਾਹੀਆਂ ਨਾਲ ਸਰੀਕਾ ਕਰਕੇ ਉਨ੍ਹਾਂ ਦੀ ਮਹਿਮਾ ਘਟਾਨੇ ਵਾਲੇ ਨਹੀਂ ਹੋਂਦੇ, ਸਗੋਂ ਵਧਾਉਣ ਵਾਲੇ ਹੋਂਦੇ ਹੈਨ। ਜੀਕੁਰ ਪਾਤਸ਼ਾਹ ਲੋਕ ਜੋ ਸ਼ਾਹਿਨ ਸ਼ਾਹਾਂ ਦੇ ਮਾਤਹਿਤ ਹੋਂਦੇ ਹੈਨ; ਸੋ ਓਹ ਸ਼ਾਹਿਨਸ਼ਾਹ ਦੀ ਮਹਿਮਾ ਘਟਾਣੇ ਵਾਲੇ ਨਹੀਂ ਹੋਂਦੇ। ਸਗੋਂ ਵਧਾਉਣੇ ਵਾਲੇ ਹੋਂਦੇ ਹੈਨ। ਸੋ ਜੀਕੁਰ ਸ਼ਾਹਿਨਸ਼ਾਹ ਦੇ ਨਾਲ ਪ ਤਿਸ਼ਾਹਾਂ ਦੇ ਨਾਲ ਪਾਤਿਸ਼ਾਹਾਂ ਦਾ ਉਨ੍ਹਾਂ ਦੀ ਪੈਰਵੀ ਤੇ ਤਾਬਿਆਦਾਰੀ ਦਾ ਸਨਬੰਧ ਹੋਂਦਾ ਹੈ। ਈਕੁਰ ਹੀ ਯਾਰਵੀਂ ਪਾਤਸ਼ਾਹੀ ਗੁਰੂ ਗ੍ਰੰਥ ਸਾਹਿਬ ਜੀ ਸਮੇਤ ਦਸਾਂ ਪਾਤਿਸ਼ਾਹੀਆਂ ਦੇ ਨਾਲ ਅੱਜ ਕਲ ਗੁਰਦੀਖਿਆ ਦੇਣ ਵਾਲਿਆਂ ਦਾ ਸੰਬੰਧ ਹੈ। ਸੋ ਗੁਰਦੀਖਿਆ ਦੇਨ ਵਾਲੇ ਗੁਰੂ ਜੋ ਕੋਈ ਕਾਰਵਾਈ ਕਰਦੇ ਹੈਨ, ਸੋ ਦਸ ਪਾਤਿਸ਼ਾਹੀ ਗੁਰੂ ਜੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਹੋਕਰ ਉਨ੍ਹਾਂ ਦਾ ਮਨਸ਼ਾ ਪੂਰਾ ਕਰਦੇ ਹੈਨ। ਮੀਨਿਆਂ ਧੀਰਮੱਲੀਆਂ ਦੀ ਨਿਆਈਂ ਬਗ਼ਾਵਤ ਨਹੀਂ ਕਰਦੇ। ਸੋ ਮਾਨੁਖ ਵਿਯਕਤੀ ਨੂੰ ਗੁਰੂ ਧਾਰੇ ਬਿਨਾ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨਾਂ ਦੀ ਤਾਮੀਲ ਨਹੀਂ ਹੋਂਦੀ। ਸੋ ਗੁਰੂ ਸੰਤ

ਪਾਸੋਂ ਗੁਰ ਦੀਖਿਆ ਲੈਣੀ ਗੁਰੂ ਗ੍ਰੰਥ ਸਾਹਿਬ ਜੀ ਦਾ ਖ਼ਾਸ ਹੁਕਮ ਹੈ ॥

ਸਾਨੂੰ ਤਾਂ ਪ੍ਰਸ਼ਨ ਕਰਨ ਦੀ ਸ਼ਕਤੀ ਨਹੀਂ ਸੀ ਪਰ ਅਕਸਰ ਦੇਖਿਆ ਗਿਆ ਹੈ, ਕਿਸੀ ਪਾਸੋਂ ਦੂਜੇ ਨੇ ਪੁਛਿਆ ਹੈ, ਕਿ ਤੈਂ ਉਪਦੇਸ਼ ਕਿੱਥੋਂ ਲਇਆ ਹੈ। ਤਾਂ ਉਸਨੇ ਏਹ ਉਤ੍ਰ ਦਿੱਤਾ ਹੈ ਕਿ ਜੋ ਕੁਛ ਪ੍ਰਾਪਤ ਹੋਣਾ ਸੀ ਸੋ ਹੋ ਗਇਆ ਹੈ। ਤੇ ਗੁਰੂ ਗ੍ਰੰਥ ਸਾਹਿਬ ਦੇ ਵਿੱਚੋਂ ਹੀ ਹੋਇਆ ਹੈ ॥

ਸਿੱਖ ਦਾ ਕਥਨ--ਇਸ ਕਹਿਣ ਦੇ ਦੋ ਭੇਦ ਹਨ। ਪ੍ਰਿਥਮੇ ਜੇਕਰ ਉਸਦੇ ਇਸ ਕਥਨ ਵਿੱਚ ਏਹ ਤਾਤਪਰਯ ਹੈ ਕਿ ਨਾਮ ਦੇ ਦਾਤੇ ਸਤਿਗੁਰਾਂ ਪਾਸੋਂ ਜੋ ਗੁਰ ਦੀਖਿਆ ਪ੍ਰਾਪਤ ਹੋਈ ਹੈ, ਓਹ ਇਸੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹੈ ਬਾਹਿਰ ਨਹੀਂ। ਤਾਂ ਉਸਦਾ ਕਹਿਣਾ ਠੀਕ ਹੈ। ਦੂਜੇ ਜੇਕਰ ਉਸਦੇ ਇਸ ਕਥਨ ਦਾ ਏਹ ਮਤਲਬ ਹੈ ਕਿ ਓਹ ਕਿਸੀ ਗੁਰੂ ਦੀ ਸ਼ਰਣਾਗਤ ਹੋਕਰ ਦੀਖਿਤ ਨਹੀਂ ਹੋਇਆ, ਤੇ ਕਹਿੰਦਾ ਹੈ ਕਿ ਅਪਣੇ ਆਪ ਹੀ ਪਾਠ ਕਰਦਿਆਂ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਹੀ ਉਸ ਪਾ ਲਇਆ ਹੈ ॥ ਤਾਂ ਉਹ ਝੂਠਾ ਅਤੇ ਲਫਾੜੀਆ ਹੈ ॥ ਜਾਣੋ ਕਿ ਉਸਨੂੰ ਉਸ ਅਮੋਲਕ ਪਦਾਰਥ ਦੀ ਗੰਧ ਮਾਤ੍ਰ ਭੀ ਨਹੀਂ ਪ੍ਰਾਪਤਿ ਹੋਈ ॥ ਏਹ ਉਸਦਾ ਕਥਨ ਇਸ ਪ੍ਰਕਾਰ ਦਾ ਹੈ ਜੋਕੁਰ ਕੋਈ ਕਹੇ ਦਵਾਈ ਦਾ ਨੁਸਖ਼ਾ ਪੜ੍ਹ ਪੜ੍ਹ ਕੇ ਬੀਮਾਰੀ ਦੂਰ ਹੋ ਗਈ ਹੈ ॥ ਸੋ ਇਸ ਪ੍ਰਕਾਰ ਦੇ ਸਾਰੇ ਬਹਾਨੇ ਹੈਨ, ਜੋ ਅਹੰਕਾਰ ਅਭਿਮਾਨ ਅਤੇ ਘੁਮੰਡ ਕਰਕੇ ਕਰਦਾ ਹੈ ॥ ਅਤੇ ਦੂਜੇ ਅਗੇ ਨਹੀਂ ਨਿਉਂਦਾ ॥

ਸੋ ਜੋ ਕੋਈ ਗੁਰੂ ਕੀ ਸਰਣੀ ਜਾ ਕੇ ਦੀਖਿਆ ਨਹੀਂ ਲੈਂਦਾ ਉਸਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਨਮੁਖ ਅਤੇ ਸਾਕਤ ਆਦਿਕ ਕਰਕੇ ਕਹਿਆ ਹੈ ॥ ਅਤੇ ਏਹ ਭੀ ਕਹਿਆ ਹੈ ਕਿ ਮਨਮੁਖਾਂ ਦੀ ਭਗਤੀ ਕੀਤੀ ਹੋਈ ਥਾਂਇ ਨਹੀਂ ਪਉਂਦੀ ॥

## ਯਥਾ ਗੁਰ ਬਚਨ

ਮਨ ਮੁਖ ਭਗਤਿ ਕਰਹਿ ਬਿਨੁ ਸਤਿਗੁਰ
ਵਿਣ ਸਤਿਗੁਰ ਭਗਤ ਨ ਹੋਈ ਰਾਮ ॥

ਹੋਰ—ਮਨਮੁਖਿ ਵਿਛੜੀ ਦੂਰ ਮਹਲ ਨ ਪਾਇ ਬਲਿ ਗਈ ਬਲਿ ਰਾਮ ਜੀਉ ॥
ਅੰਤਰਿ ਮਮਤਾ ਕੂੜਿ ਕੂੜਿ ਲਈ ਬਲਿ ਰਾਮ ਜੀਉ ॥
ਕੂੜਿ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿ ਗੁਰ ਮਗ ਨ ਪਾਇਆ ॥
ਉਝੜ ਪੰਥਿ ਭ੍ਰਮੈ ਗਾਵਰੀ ਖਿਨੁ ਖਿਨੁ ਧਕੇ ਖਾਇਆ ॥
ਆਪੇ ਦਇਆ ਕਰੇ ਪ੍ਰਭ ਦਾਤਾ ਸਤਿਗੁਰੁ ਪੁਰਖਿ ਮਿਲਾਏ ॥
ਜਨਮ ਜਨਮ ਕੇ ਵਿਛੜੇ ਜਨ ਮੇਲੇ ਨਾਨਕ ਸਹਜ ਸੁਭਾਏ ॥

ਹੋਰ—ਜਿਨ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਓਇ ਮਾਨਸ ਜੂਨਿ ਨ ਆਖੀਅਹਿ ਪਸੂ ਢੋਰ ਗਾਵਾਰ ॥
ਓਨਾਂ ਅੰਤਰਿ ਗਿਆਨੁ ਨ ਧਿਆਨੁ ਹੈ ਹਰਿ ਸਿਉ ਪ੍ਰੀਤ ਨ ਪਿਆਰੁ ॥
ਮਨਿਮੁਖਿ ਮੁਏ ਵਿਕਾਰ ਮਹਿ ਮਰਿ ਜੰਮਹਿ ਵਾਰੋ ਵਾਰ ॥

ਜੀਵਦਿਆ ਨੋ ਮਿਲੇ ਸੁ ਜੀਵਦੇ ਹਰਿ ਜਗ ਜੀਵਨ ਉਰਧਾਰ ।।
ਨਾਨਕ ਗੁਰਮੁਖ ਸੋਹਿਣੇ ਤਿਤ ਸਚੈ ਦਰਬਾਰ ॥

ਹੋਰ—ਜਗ ਹਉਮੈ ਮੈਲ ਦੁਖ ਪਾਇਆ ਮਲੁ ਲਾਗੀ ਦੂਜੇ ਭਾਇ ॥
ਮਲੁ ਹਉ ਮੈ ਧੋਤੀ ਕਿਵੈ ਨ ਉਤਰੈ ਪੂਛਹੁ ਗਿਆਨੀਆ ਜਾਇ ॥
ਮਨਿ ਮੇਰੇ ਗੁਰ ਸਰਣਿ ਆਵੈ ਤਾਂ ਨਿਰਮਲੁ ਹੋਇ ॥
ਮਨੁ ਮੁਖ ਹਰਿ ਹਰਿ ਕਰ ਥਕੇ ਮੈਲੁ ਨ ਸਾਕੈ ਧੋਇ ॥

ਹੋਰ—ਇਕ ਭਰਮਿ ਭੂਲੇ ਸਾਕਤਾ ਬਿਨੁ ਗੁਰ ਅੰਧ ਅੰਧਾਰ ॥
ਧੁਰਿ ਹੋਵਨਾ ਸੋ ਹੋਇਆ ਕੋਇ ਨ ਮੇਟਨ ਹਾਰ ॥

ਸੋ ਓਹ ਜੋ ਕਹਿੰਦਾ ਹੈ ਕਿ ਜੋ ਕੁਛ ਪ੍ਰਾਪਤਿ ਹੋਣਾ ਸੀ ਸੋ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੀ ਮੈਨੂੰ ਪ੍ਰਾਪਤਿ ਹੋਇਆ ਹੈ ॥ ਸੋ ਇਸਦਾ ਮਤਲਬ ਏਹ ਕਿ ਪਾਠ ਕਰਦਿਆਂ ਹੋਇਆਂ ਪ੍ਰਾਪਤਿ ਹੋਇਆ ॥ ਸੋ ਏਹ ਝੂਠ ਹੈ ॥ ਪਾਠ ਕਰਨੇ ਕਰਕੇ ਕੇਵਲ ਇਤਨਾ ਹੀ ਜਗਿਆਸੀ ਨੂੰ ਪ੍ਰਾਪਤਿ ਹੋਂਦਾ ਹੈ ਕਿ ਹੋਰ ਸਾਰੇ ਪਾਸੇ ਵਿਸਾਰ ਕੇ ਇਕ ਸਤਿਗੁਰਾਂ ਦੀ ਸਰਣੀ ਜਾਣਾ ॥ ਸੋ ਸਤਿਗੁਰਾਂ ਦੀ ਸਰਣੀ ਜਾਕੇ ਜਿਸ ਪਦਾਰਥ ਦੀ ਪ੍ਰਾਪਤੀ ਹਣੀ ਹੈ ਉਹ ਕੇਵਲ ਪਾਠ ਕਰਦਿਆਂ ਹੀ ਨਹੀਂ ਪ੍ਰਾਪਤਿ ਹੋ ਜਾਂਦਾ ।। ਜੀਕਰ ਖੰਡ ਖੰਡ ਕਹੇ ਤੇ ਮੁਖ ਨਹੀਂ ਮਿਠਾ ਹੋ ਜਾਂਦਾ। ਅਤੇ ਅਗਨਿ ਅਗਨਿ ਕਹੇ ਤੇ ਸੀਤ ਨਹੀਂ ਬਿਨਸਦਾ। ਆਦਿ ਤੋਂ ਲੈ ਕੇ ਅੰਤ ਪ੍ਰਜੰਤ ਏਹ ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਨਹੀਂ ਲਿਖਿਆ ਕਿ ਪਾਠ ਕਰਦਿਆਂ ਹੋਇਆਂ ਆਪੇ ਹੀ ਪ੍ਰਾਪਤਿ ਹੋ ਜਾਂਦਾ ਹੋਵੇ ॥ ਸਗੋਂ ਏਹੁ ਲਿਖਿਆ ਹੈ ਕਿ ਸੰਤਾਂ ਸਤਿਗੁਰਾਂ ਦੀ ਸਰਣੀ ਗਇਆਂ ਪ੍ਰਾਪਤਿ ਹੋਂਦਾ ਹੈ।

ਸ੍ਰਵਣ ਮੰਨਿਨ ਨਿਧਯਾਸਨ ਸਾਖਿਆਤ ਏਹ ਚਾਰ ਸਾਧਨਾਂ ਵਿਚੋਂ ਆਦਿ ਸਾਧਨ ਸ੍ਰਵਣ ਹੈ ॥ ਸ੍ਰਵਣ ਦੀ ਥਾਂ ਪਾਠਨ ਕਿਧਰੇ ਨਹੀਂ ਕਹਿਆ ॥ ਸੋ ਤਾਤ ਪ੍ਰਜ ਏਹ ਕਿ ਜਦ ਸਤਿ ਗੁਰ ਤ੍ਰੁਸ (ਪ੍ਰਸੰਨ) ਹੋਕਰ ਨਾਮ ਅਰਥਾਤ ਬਖਸ਼ਣ ਤਦ ਕਾਰਜ ਰਾਸ ਆਂਵਦਾ ਹੈ ॥

ਯਥਾ ਗੁਰ ਬਚਨ

ਤ੍ਰੁਸ ਦਿਤੀ ਪੂਰੇ ਸਤਿਗੁਰੂ ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ ॥

ਹੋਰ—ਤ੍ਰੁਸ ਦਿਤਾ ਪੂਰੇ ਸਤਿਗੁਰੂ ਹਰਿ ਧਨ ਸਚੁ ਅਖੁਟ ॥
ਸਭ ਅੰਦੇਸ ਮਿਟਿ ਗਏ ਜਮ ਕਾ ਭਉ ਛੁਟ ॥

ਹੋਰ—ਸਤਿਗੁਰ ਦਿਤਾ ਹਰਿ ਨਾਮੁ ਅੰਮ੍ਰਿਤ ਚਖਿਆ । ਇਤਿ ਆਦਿਕ ਅਨੇਕ ਬਚਨ ॥
ਜੋ ਦੀਖਿਆ ਦੁਵਾਰਾ ਪੂਰਨ ਹੋਂਦੇ ਹੈਨ ॥

ਤਾਤ ਪ੍ਰਜ ਏਹ ਕਿ ਜਦ ਤਕ ਗੁਰੂ ਜੀ ਨਾਮ ਦੀ ਬਖਸ਼ੀਸ਼ ਨਾ ਕਰਨ ਤਦ ਤਕ ਕੁਛ ਨਹੀਂ ਬਣਦਾ ॥ ਅਤੇ ਜੋ ਕੋਈ ਗੁਰੂ ਜੀ ਪਾਸੋਂ ਦੀਖਿਆ ਲਏ ਬਿਨਾ ਐਵੇਂ ਹੀ ਸੁਣੇ ਸੁਣਾਏ ਅਥਵਾ ਕਿਸੀ ਗ੍ਰੰਥ ਅਥਵਾ ਪੋਥੀ ਥੀਂ ਪੜ੍ਹ ਕੇ ਅਪਨੇ ਮਨ ਵਿਚ ਅਪਨੇ ਆਪ ਨੂੰ ਸੁਚੇਤ ਸਮਝ ਲਏ ਉਸ ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਪ੍ਰਕਾਰ ਦੇ ਬਚਨ ਹੈਨ ॥
ਨਾਨਕ ਗੁਰੂ ਨ ਚੇਤਨੀ ਮਨਿ ਅਪਣੈ ਸੁਚੇਤ ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ।
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨਿ ਵਿਚ ਸੁਆਹ ॥

# ਅਸਥਾਨ ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ

| ਅਸਥਾਨ ਦਾ ਨਾਂ | ਮੁਕਾਮ | ਦੀਵਾਨ |
| --- | --- | --- |
| 1. ਦਮਦਮਾ ਤੇ ਅੰਗੀਠਾ ਅਸਥਾਨ ਬਾਬਾ ਸਾਹਿਬ ਸਿੰਘ ਜੀ | ਊਨਾ ਸਾਹਿਬ (ਹਿਮਾਚਲ) | 1) ਹਰ ਐਤਵਾਰ ਰਾਤ 2) ਹਰ ਤਰੋਤਸੀ 3) ਸਾਲਾਨਾ ਜਨਮ ਦਿਵਸ 15 ਚੇਤਰ ਜਦੋਂ 150--200 ਅਖੰਡ ਪਾਠ ਰਖੇ ਜਾਂਦੇ ਹਨ ਲੰਗਰ ਗੁਰੂ ਕਾ ਅਤੁਟ ਵਰਤਦਾ ਹੈ। |
| 2. ਦਰਬਾਰ ਬਾਬਾ ਕਲਾਧਾਰੀ ਜੀ | ਊਨਾ ਸਾਹਿਬ | 1) ਹਰ ਰੋਜ਼ ਸ਼ਾਮ ਵੇਲੇ। 2) ਹਰ ਬੁਧਵਾਰ 3) ਜਨਮ ਦਿਵਸ 15 ਚੇਤਰ 150–200 ਅਖੰਡ ਪਾਠ ਦੇ ਭੋਗ। ਗੁਰੂ ਕਾ ਲੰਗਰ |
| 3. ਦਰਬਾਰ ਬਾਬਾ ਤੇਗ ਸਿੰਘ ਜੀ | ਊਨਾ ਸਾਹਿਬ | 1) ਨਿਤ ਸ਼ਾਮ ਕਥਾ 2) ਹਰ ਸ਼ੁਕਰਵਾਰ ਰਾਤ ਦੀਵਾਨ 3) ਜੇਠ ਸੁਦੀ ਪੰਚਮੀ ਸਾਲਾਨਾ ਦੀਵਾਨ |
| 4. ਧਰਮਸਾਲਾ ਮਾਤਾ ਨਰੈਣ ਦੇਵੀ ਜੀ | ਊਨਾ ਸਾਹਿਬ | ਸਾਲਾਨਾ ਬਰਸੀ ਸੰਤ ਨੰਦ ਸਿੰਘ ਜੀ |
| 5. ਤਪੋ ਅਸਥਾਨ | ਪਿੰਡ ਕੱਟਲਾ ਊਨਾ ਸਾਹਿਬ | ਸਾਲਾਨਾ ਦੀਵਾਨ |
| 6. ਅਸਥਾਨ ਸ਼ਹੀਦ ਬਾਬਾ ਮਹਿਬੂਬ ਸਿੰਘ ਜੀ ਗੁਰੂ ਸਰ | ਗੁਰੂ ਸਰ ਊਨਾ ਸਾਹਿਬ | 1) ਹਰ ਮਗਲਵਾਰ 2) ਸਾਲਾਨਾ ਦੀਵਾਨ ਜੂਨ ਵਿਚ 13 ਅਖੰਡ ਪਾਠਾਂ ਦਾ ਭੋਗ |
| 7. ਨਾਨਕ ਸਰ | ਊਨਾ ਸਾਹਿਬ | ਸਾਲਾਨਾ ਦੀਵਾਨ |
| 8. ਬਾਉਲੀ ਸਾਹਿਬ ਮਾਤਾ ਨਰੈਣ ਦੇਵੀ ਜੀ | ਭੜੋਲੀਆਂ ਊਨਾ ਸਾਹਿਬ | ਨਿੱਤ ਸੰਗਤ ਦਾ ਇਸ਼ਨਾਨ |

| ਅਸਥਾਨ ਦਾ ਨਾਂ | ਮੁਕਾਮ | ਦੀਵਾਨ |
|---|---|---|
| 9. ਅਸਥਾਨ ਬਾਬਾ ਕਲਾਧਾਰੀ ਜੀ | ਸਲੋਹ ਊਨਾ ਸਾਹਿਬ | ਸਾਲਾਨਾ ਦੀਵਾਨ |
| 10. ਅਸਥਾਨ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਕਲਾਧਾਂਰੀ ਜੀ | ਗੁਰਪਲਾਹ ਊਨਾ ਸਾਹਿਬ | ਸਾਲਾਨਾ ਦੀਵਾਨ |
| 11. ਅਸਥਾਨ ਬਾਬਾ ਕਲਾਧਾਰੀ ਜੀ | ਪੌਲੀਸ ਥਾਣਾ ਨੂਰਪੁਰ ਬੇਦੀਆਂ ਜ਼ਿਲਾ ਰੋਪੜ ਪੰਜਾਬ | ਸਾਲਾਨਾ ਦੀਵਾਨ। |
| 12. ਕਿਲ੍ਹਾ ਬਾਬਾ ਸਾਹਿਬ ਸਿੰਘ ਜੀ | ਗੁਣਾ ਚਤੈਰ ਜਿਲਾ ਜਲੰਧਰ | ਸਾਲਾਨਾ ਦੀਵਾਨ |
| 13. ਦਮਦਮਾ ਬਾਬਾ ਸਾਹਿਬ ਸਿੰਘ ਜੀ | ਮਲਸੀਹਾਂ ਜ਼ਿਲਾ ਜਲੰਧਰ | 1) ਹਰ ਪੂਰਨਮਾਸ਼ੀ ਦੀਵਾਨ ਤੇ ਲੰਗਰ। |
| 14. ਦਮਦਮਾ ਅਸਥਾਨ ਬਾਬਾ ਸਾਹਿਬ ਸਿੰਘ ਜੀ ਦਖਣੀ ਕੀ ਸਰਾਇ | ਦਖਣੀ ਕੀ ਸਰਾਇ ਡਾ: ਜਹਾਂਗੀਰ ਜ਼ਿਲਾ ਜਲੰਧਰ | ਹਰ ਅਮਾਵਸ ਦੀਵਾਨ ਤੇ ਗੁਰੂ ਕਾ ਲੰਗਰ |
| 15. ਦਮਦਮਾ ਅਸ: ਬਾਬਾ ਸਾਹਿਬ ਸਿੰਘ ਜੀ | ਪਿੰਡ ਮਨਸੂਰਾਂ ਜ਼ਿਲਾ ਲੁਧਿਆਣਾ | 1) ਹਰ ਦਸਵੀਂ ਅਨੇਕਾਂ ਅਖੰਡ ਪਾਠਾਂ ਦੇ ਭੋਗ ਤੇ ਦੀਵਾਨ 2) ਸਾਲਾਨਾ ਦੀਵਾਨ ਜੋਤੀ ਜੋਤ ਸਮਾਗਮ। ਗੁਰੂ ਕਾ ਲੰਗਰ ਅਤੁਟ ਵਰਤਦਾ ਹੈ। |
| 16. ਦਮਦਮਾ ਅਸ: ਬਾਬਾ ਸਾਹਿਬ ਸਿੰਘ ਜੀ | ਪਿੰਡ ਜੋਧਾਂ ਜ਼ਿਲਾ ਲੁਧਿਆਣਾ | ਨਿਤ ਦੋ ਵੇਲੇ ਦੀਵਾਨ ਤੇ ਸਾਲਾਨਾ ਦੀਵਾਨ |
| 17. ਦਮਦਮਾ ਅਸ: ਬਾਬਾ ਸਾਹਿਬ ਸਿੰਘ ਜੀ | ਪਿੰਡ ਖੰਡੂਰ ਜ਼ਿਲਾ ਲਧਿਆਣਾ | ਸਾਲਾਨਾ ਦੀਵਾਨ |
| 18. ਦਮਦਮਾ ਅਸ: ਬਾਬਾ ਸਾਹਿਬ ਸਿੰਘ ਜੀ | ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ | ਕਦੇ ਕਦੇ ਦੀਵਾਨ |
| 19. ਦਮਦਮਾ ਅਸ: ਬਾਬਾ ਸਾਹਿਬ ਸਿੰਘ ਜੀ | ਪਿੰਡ ਕਿਲਾ ਰਾਏਪੁਰ ਜ਼ਿਲਾ ਲੁਧਿਆਣਾ | ਇਸ ਅਸਥਾਨ ਦੀ ਸੇਵਾ ਨਿਹੰਗ ਸਿੰਘ ਜੀ ਕਰ ਰਹੇ ਹਨ। |

| ਅਸਥਾਨ ਦਾ ਨਾਂ | ਮੁਕਾਮ | ਦੀਵਾਨ |
|---|---|---|
| 20. ਦਮਦਮਾ ਅਸ: ਬਾਬਾ ਸਾਹਿਬ ਸਿੰਘ ਜੀ | ਪਿੰਡ ਅਖਾੜਾ ਤਹਿ, ਜਗਰਾਉਂ ਜ਼ਿ: ,, | ਨਿਤ ਦੋ ਵੇਲੇ ਦੀਵਾਨ ਤੇ ਗੁਰੂ ਕਾ ਲੰਗਰ । |
| 21. ਦਮਦਮਾ ਅਸ: ਬਾਬਾ ਸਾਹਿਬ ਸਿੰਘ ਜੀ | ਪਿੰਡ ਮਲੌਦ ਜ਼ਿਲਾ ਲੁਧਿਆਣਾ | ਸਾਲਾਨਾ ਦੀਵਾਨ |
| 22, ਦਮਦਮਾ ਅਸ: ਬਾਬਾ ਸਾਹਿਬ ਸਿੰਘ ਜੀ | ਨਾਭਾ ਸ਼ਹਿਰ | ਸਲਾਨਾ ਜਨਮ ਦਿਵਸ ਚੇਤਰ ਮਹੀਨੇ ਇਸ ਅਸਥਾਨ ਦੀ ਸੇਵਾ ਗੁਰਦਵਾਰਾ ਪ੍ਰਬੰਧਕ ਕਮੇਟੀ ਕਰ ਰਹੀ ਹੈ । |
| 23. ਦਮਦਮਾ ਅਸ: ਬਾਬਾ ਸਾਹਿਬ ਸਿੰਘ ਜੀ | ਪਿੰਡ ਜੰਡਾਲੀ ਕੁਹਾੜਾ ਜ਼ਿਲਾ ਲੁਧਿਆਣਾ | ਸਾਲਾਨਾ ਦੀਵਾਨ |
| 24. ਦਮਦਮਾ ਅਸ: ਬਾਬਾ ਸਾਹਿਬ ਸਿੰਘ ਜੀ | ਮੇਦਪੁਰ ਜ਼ਿਲਾ ਲੁਧਿਆਣਾ | ਸਾਲਾਨਾ ਸਮਾਗਮ |
| 25. ਦਮਦਮਾ ਅਸ: ਬਾਬਾ ਸਾਹਿਬ ਸਿੰਘ ਜੀ | ਪਿੰਡ ਠੱਕਰਵਾਲ ਜ਼ਿਲਾ ਲੁਧਿਆਣਾ | ਸੰਗਤਾਂ ਜੋਗ ਸੇਵਾ ਕਰ ਰਹੀਆਂ ਹਨ । |
| 26. ਦਮਦਮਾ ਅਸ: ਬਾਬਾ ਸਾਹਿਬ ਸ਼ਿੰਘ ਜੀ | ਪਿੰਡ ਦੁਗਰੀ ਲੁਧਿਆਣਾ | ,, ,, ,, |
| 27. ਸਮਾਧ ਬਾਬਾ ਬਿਕਰਮਾ ਸਿੰਘ ਜੀ | ਢਾਬ ਵਸਤੀ ਰਾਮ ਸ੍ਰੀ ਅੰਮ੍ਰਿਤਸਰ | 1) ਹਰ ਸਨਿਚਰਵਾਰ ਦੀਵਾਨ 2) ਹਰ ਸਾਲ ਸਾਲਾਨਾ ਬਰਸੀ ਮਹਾਰਾਜ ਦੀ ਯਾਦ ਵਿਚ । ਗੁਰੂ ਕਾ ਲੰਗਰ ਅਤੁਟ ਵਰਤਦਾ ਹੈ |
| 28. ਟਾਹਲੀ ਵਾਲਾ ਅਸਥਾਨ ਟਿਕਾ ਰਾਮ ਕਿਸ਼ਨ ਸਿੰਘ ਜੀ | ਪਿੰਡ ਟਾਹਲੀਵਾਲਾ ਤਹਿਸੀਲ ਫਾਜ਼ਲਕਾ (ਫੀਰੋਜ਼ਪੁਰ) | ਸਾਲਾਨਾ ਦੀਵਾਨ |
| 29. ਦੀਵਾਨ ਖਾਨਾ ਅਸਥਾਨ ਬਾਬਾ ਸਾਹਿਬ ਸਿੰਘ ਜੀ | ਊਨਾ ਸਾਹਿਬ | ਹਰ ਹੋਲੇ ਮਹਲੇ ਨੂੰ ਦੀਵਾਨ ਸਜਦੇ ਹਨ । |
| 30. ਜੋਤ ਅਸਥਾਨ ਦੇਵੀ ਜੀ | ਕਿਲੇ ਵਿਖੇ ਊਨਾ ਸਾਹਿਬ | ਅਖੰਡ ਜੋਤ ਸਦਾ ਜਗਦੀ ਹੈ। ਲੰਗਰ ਦੋ ਵੇਲੇ ਚਲਦਾ ਹੈ । |

# ਆਰਤੀ ਦੀ ਚਰਚਾ

(ਸ੍ਰੀ ਹਜ਼ੂਰ ਸਾਹਿਬ ਮ੍ਰਜਾਦਾ ਪ੍ਰਬੰਧ ਵਿਚੋਂ)

ਹਮ ਕੀਰੇ ਕਿਰਮ ਸਤਿਗੁਰ ਸਰਨਾਈ ਕਰ ਦਯਾ ਪ੍ਰਗਾਸ।

ਸਰਨ ਪਰੇ ਕੀ ਰਾਖ ਦਿਯਾਲਾ ਨਾਨਕ ਤੁਮਰੇ ਬਾਲ ਗੋਪਾਲਾ।

ਸਾਧ ਸੰਗਤ ਜੀਓ ਜਦ ਅਸੀਂ ਤਖਤ ਸਾਹਿਬ ਤੋਂ ਬਾਹਰ ਆਵਨ ਲਗੇ ਜਿਥੇ ਕਿ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਹੁੰਦੇ ਹਨ ਜੰਗਲੇ ਤੋਂ ਬਾਹਰ ਤਾਂ ਸੰਕਾਵਾਦੀ ਕਰ ਰਹੇ ਸਨ ਕਿ ਜੋਤਾਂ ਜਗਾਕੇ ਵ ਦੀਵੇ ਬਾਲ ਆਰਤੀ ਕਰਨੀ ਗੁਰਮਤ ਦੇ ਵਿਰੁਧ ਹੈ ਵਾ ਉਲਟ ਹੈ ਵਾ ਹਿੰਦੂ ਮਤ ਹੈ। ਅਸਾਂ ਨੇ ਕਿਹਾ ਠਹਿਰੋ ਭਾਈ ਸ਼ੰਕਾਵਾਦੀ ਸਜਨੋ ਇਸ ਬਾਰੇ ਵੀ ਵੀਚਾਰ ਕਰਦੇ ਹਾਂ। ਭਾਈ ਸ਼ੰਕਾਵਾਦੀ ਸਜਨੋ ਜੋਤਾਂ ਤੋਂ ਬਿਨਾਂ ਆਰਤੀ ਉਤਸ਼ਾਹ ਦੀਵਾ ਖੁਸ਼ੀ ਦੀ ਨਹੀਂ ਕਹਿਲਾਂਦੀ। ਤੁਸੀਂ ਦਸੋ ਮਹਾਰਾਜ ਜੀ ਨੇ ਜੋਤਾਂ ਵਾ ਦੀਵੇ ਕਿਥੇ ਖੰਡਨ ਕੀਤੇ ਹੈਂ ਨ ਕਿਥੇ ਲਿਖਿਆ ਹੈ। ਤਾਂ ਸ਼ੰਕਾਵਾਦੀ ਸਜਨ ਕਹਿਣ ਲਗੇ ਕਿ ਗੁਰੂ ਨਾਨਕ ਸਾਹਿਬ ਜੀ ਨੇ ਆਰਤੀ ਉਚਾਰਨ ਕੀਤੀ। ਔਰ ਇਸਤਰਾਂ ਵਰਨਨ ਕੀਤੀ ਹੈ।

[ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ]

ਜੋ ਵਾਹਿਗੁਰੂ ਨਿਰੰਕਾਰ ਅਕਾਲ ਪੁਰਖ ਜਿਨਾਂ ਵਡਾ ਹੈ ਉਤਨਾ ਹੀ ਉਸਦਾ ਆਰਤੀ ਦਾ ਥਾਲ ਵਡਾ ਹੈ ਗਗਨ ਵ ਅਕਾਸ, ਉਹਦੇ ਵਿਚ ਦੀਵੇ ਵ ਜੋਤਾਂ ਚੰਦ ਸੂਰਜ ਹਨ। ਸੁਣੋ ਭਾਈ ਸ਼ੰਕਾਵਾਦੀ ਸਜਣੋ ਇਹ ਆਰਤੀ ਬੈਰਾਠ ਸਰੂਪ ਦੀ ਹੈ। ਅਗਰ ਤੁਸੀਂ ਜੋਤਾਂ ਜਗਾਵਨੀ ਛਡੋਗੇ ਤਾਂ ਤੁਹਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਚੌਰ ਕਰਣਾ ਵੀ ਛਡਣਾ ਪਵੇਗਾ ਕਿਉਂਕਿ ਅਗੇ ਜਾ ਕੇ ਉਸੇ ਆਰਤੀ ਵਿਚ ਗੁਰੂ ਜੀ ਨੇ ਫਰਮਾਇਆ ਹੈ ਕਿ ਪਵਣ ਚੌਰ ਕਰੇ। ਅਗਰ ਚੰਦ ਸੂਰਜ ਜੋਤਾਂ ਜਗ ਰਹੀਆਂ ਹਨ ਤਾਂ ਪਵਨ ਦੇਵਤਾ ਚਵਰ ਕਰ ਰਿਹਾ ਹੈ। ਫੇਰ ਤੁਸੀਂ ਕਿਉਂ ਕਰਦੇ ਹੋ। ਸੋ ਭਾਈ ਸ਼ੰਕਾਵਾਦੀ ਸਜਨੋ ਉਹ ਆਰਤੀ ਬੇਰਾਠ ਸਰੂਪ ਦੀ ਵਰਨਣ ਕੀਤੀ ਹੈ। ਔਰ ਗੁਰੂ ਸਾਹਿਬ ਜੀ ਦੇ ਵਾਸਤੇ ਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਸਤੇ ਅ ਰਤੀ ਵਿਚ ਇਸਤਰਾਂ ਜ਼ਿਕਰ ਆਇਆ ਹੈ—

[ਧੂਪ ਦੀਪ ਘਿਰਤ ਸਾਜ ਆਰਤੀ ਵਾਰਨੇ ਜਾਉ ਸੁਆਮੀ ਕਮਲਾ ਪਤੀ]

[ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰ ਮੈਨ ਕਹਿਯੋ ਸਭ ਤੋਹਿ ਬਖਾਨਿਯੋ]

[ਸਰਨ ਪਰੇ ਕੀ ਰਾਖੁ ਦਇਆਲਾ ਨਾਨਕ ਤੁਮਰੇ ਬਾਲ ਗਪਾਲਾ]

ਗੁਰੂ ਗ੍ਰੰਥ ਜੀ ਆਦਿਕ ਇਸਟ ਪਦਾਰਥੀ ਦੀ ਆਰਤੀ ਉਤਾਰਨੀ। ਆਰਤੀ ਦੀ ਰਸਮ ਕੌਮੀ ਹੈ ਹਿੰਦੂ ਕੌਮ ਦੇ ਅਵਤਾਰਾਂ ਗਤ ਜਿਤਨੇ ਪੰਥ ਵਿਚ ਸਰਗੁਣ ਇਸਟ ਪੂਜਯ ਪਦਾਰਥ ਮੰਨੇ ਹਨ ਸਭਨਾਂ ਦੇ ਵਿਚ ਆਰਤੀ ਕਰਨ ਦੀ ਮ੍ਰਜਾਦਾ ਹੈ ਦੀਪ, ਗੰਧ, ਧੂਪ, ਦੀਪ ਨਈਵੇਦ ਇਨਾ ਪੰਚਾ ਪਦਾਰਥ ਕਰ ਇਸਟ ਦੇਵ ਪੂਜ ਪਦਾਰਥ ਬਿਧੀ ਪੂਰਵਕ ਪੂਜਾ ਕਰਨ ਦਾ ਨਾਉਂ ਆਰਤੀ ਹੈ। ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਨੇ ਮੋਹ ਬਿਬੇਕ ਦੇ ਯੁਧ ਵਿਚ ਇਸ ਪੰਚ

ਪਰਕਾਰ ਦੀ ਪੂਜਾ ਨੂੰ ਭੀ ਬਿਬੇਕ ਦੀ ਸੈਨਾ ਸੂਰਮਾ ਵਰਨਣ ਕੀਤਾ ਹੈ ਇਕ ਆਰਤੀ ਕਰਨੀ ਹੈ। ਇਕ ਆਰਤੀ ਪੜ੍ਹਨੀ ਹੈ, ਸੋ ਹਿੰਦੂ ਕੌਮ ਅਤ੍ਰਗਤ ਸਾਰੇ ਪੰਥ ਆਪੋ ਆਪਣੇ ਇਸਟ ਪੂਜ ਪਦਾਰਥਾਂ ਦੀ ਆਰਤੀ ਭੀ ਕਰਦੇ ਹਨ ਤੇ ਆਰਤੀ ਪੜ੍ਹਦੇ ਭੀ ਹਨ। ਸੋ ਆਰਤੀ ਦਾ ਕਰਨਾ ਤਾਂ ਕੌਮੀ ਰਸਮ ਹੋਣੇ ਕਰ ਇਕੋ ਪ੍ਰਕਾਰ ਦਾ ਹੈ। ਅਤੇ ਆਰਤੀ ਦਾ ਪੜਨਾ ਆਪ ਆਪਣੇ ਪੰਥ ਸੰਪ੍ਰਦਾਵਾਂ ਮੂਜਬ ਆਪਣੇ ਆਪਣੇ ਇਸਟ ਦੇਵ ਦੀ ਉਪਮਾ ਦੀ ਬਾਣੀ ਉਚਾਰਨ ਹੁੰਦੀ ਹੈ ਸੋ ਸਿਖ ਪੰਥ ਭੀ ਜੋ ਕੌਮ ਕਰਕੇ ਹਿੰਦੂ ਕੌਮ ਦੇ ਅੰਤਰਗਤ ਹੀ ਹੈ। ਅਰਚਾਰ ਸਰਗੁਣ ਪੂਜ ਪਦਾਰਥ ਇਸਟ ਮੰਨੇ ਹਨ। 1) ਗੁਰੂ ਗ੍ਰੰਥ ਸਾਹਿਬ ਗੁਰਦਵਾਰੇ ਸਥਾਨਾਂ ਦੀਆਂ ਮੰਜੀਆਂ, ਮਸਤ੍ਰ, ਸ਼ਸਤ੍ਰ, ਸਤ ਪੁਰਸ਼ ਮਹਾਤਮਾ, ਸੰਤ ਜਣ ਇਨ੍ਹਾਂ ਵਿਚੋਂ ਚੌਥੇ ਪੂਜ ਪਦਾਰਥ ਤਾਂ ਆਪੋ ਆਪਣੇ ਹਨ ਜਿਸ ਕਿਸੀ ਸਤਪੁਰਸ਼ ਮਹਾਤਮਾ ਪ੍ਰ ਪ੍ਰਤੀਤ ਆ ਗਈ ਹੈ ਉਸ ਦੇ ਵਾਸਤੇ ਓਹ ਪੂਜਯ ਹੈ। ਪਰੰਤੂ ਪਹਿਲੇ ਤੀਨ ਪੂਜ ਪਦਾਰਥ ਸਰਬ ਦੇ ਸਾਂਝੇ ਹੋਣੇ ਕਰ ਕੇ ਸੰਗਤਾਂ ਦੀਵਾਨਾਂ ਦੇ ਵਿਚ ਸਾਰੀ ਸੰਗਤ ਵਲੋਂ ਪੂਜਣ ਯੋਗ ਹਨ ਇਸ ਲਈ ਸਿਖ ਧਰਮ ਖਾਲਸਾ ਪੰਥ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਦਵਾਰਿਆਂ ਦੀਆਂ ਮੰਜੀਆਂ ਤਥਾ ਅਸਤ੍ਰਾਂ ਸ਼ਸਤ੍ਰਾਂ ਦੀ ਆਰਤੀ ਕਰਨ ਦੀ ਮ੍ਰਿਯਾਦਾ ਹੈ।

ਆਰਤੀ ਕਰਨਾ ਗੰਧ ਪੁਸ਼ਪ ਧੂਪ ਦੀਪ ਆਦਿਕ ਪੰਜ ਪਦਾਰਥਾਂ ਕਰ ਹੋਂਦਾ ਹੈ ਅਤੇ ਆਰਤੀ ਪੜਣ ਵਿਚ ਗਗਨ ਮੈਂ ਥਾਲ, ਨਾਮ ਤੇਰੋ ਆਰਤੀ, ਧੂਪ ਦੀਪ ਘ੍ਰਿਤ ਸਾਜ ਆਰਤੀ, ਤਥਾ ਸੁਨ ਸੰਧਿਆ, ਇਹ ਬਾਣੀ ਪੜਨੇ ਦਾ ਨੇਮ ਹੈ ਅਰ ਸ਼ਸਤ੍ਰਾਂ ਅਸ਼ਸਤ੍ਰਾਂ ਦੀ ਆਰਤੀ ਕਰਨ ਸਮੇਂ ਭਗਉਤੀ ਦੀ ਉਪਮਾਂ ਦੀ ਬਾਣ: ਪੜੀ ਜਾਂਦੀ ਹੈ ਜੋ ਅਕਸਰ ਨਿਹੰਗ ਸਿੰਘ ਪੜਿਆ ਕਰਦੇ ਹਨ। ਜਿਸ ਕਿਸੀ ਦਾ ਬੜੇ ਤੋਂ ਬੜਾ ਮਾਨ ਪ੍ਰਤਿਸ਼ਟਾਂ ਪੂਜਾ ਕਰਨੀ ਹੋਵ ਤਾਂ ਹਿੰਦ ਦੇਸ ਵਿਚ ਆਰਤੀ ਦੀ ਹੀ ਰਸਮ ਹੈ।

ਜੈਸੇ ਕਟੋਚੀਆਂ ਰਾਣੀਆਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਆਰਤੀ ਕਰਨੀ ਤਵਾਰੀਖ ਵਿਚ ਲਿਖੀ ਹੈ ਅਤੇ ਵਲਾਇਤਾਂ ਵਿਚ ਅੰਡਰੇਸ (ਮਾਨ ਪੱਤਰ) ਦੇਣ ਦੀ ਰੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿਕ ਪ੍ਰਗਟ ਪੂਜ ਪਦਾਰਥਾਂ ਦੇ ਮਾਨ ਆਦਰ ਪੂਜਾ ਪ੍ਰਤਿਸ਼ਟਾਂ ਲਈ ਆਰਤੀ ਕਰਨੀ ਜ਼ਰੂਰੀ ਹੈ ਜੋ ਹੋਂਦੀ ਅ ਈ ਹੈ ਠੀਕ ਹੈ ਆਰਤੀ ਕਰਨਾ ਪਾਪ ਕਰਮ ਨਹੀਂ ਹੈ ਪੁੰਨਯ ਕਰਮ ਹੈ।

## ਦ੍ਰਿਸ਼ਟਾਂਤ

ਏਹ ਸ਼ੰਕਾ ਨਾ ਹੋਏ ਕਿ ਗਗਨ ਮੈ ਥਾਲ ਆਦਿਕ ਬਾਣੀ ਪੜਦੇ ਹਾਂ ਅਤੇ ਉਧਰ ਧੂਪ ਦੀਪ ਘ੍ਰਿਤ ਦੀ ਆਰਤੀ ਸਾਜਦੇ ਹਾਂ ਇਹਨਾਂ ਦੋਨਾਂ ਦਾ ਆਪੋ ਵਿਚ ਮੇਲ ਨਹੀਂ ਦਿਸਦਾ, ਸੋ ਇਸਦੀ ਬਿਵਸਥਾ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਦੋਵੇਂ ਪ੍ਰਕਾਰ ਲਿਖੇ ਹਨ ਸੋ ਦੋਨੋਂ ਠੀਕ ਹਨ। ਗੁਰਮਤ ਵਿਚ ਸਰਗੁਣ ਭੀ ਅਤੇ ਨਿਰਗੁਣ ਭੀ ਨਿਰੰਕਾਰ ਹੀ ਮੰਨਿਆ ਹੈ। ਗਗਨ ਮੈ ਥਾਲ ਆਦਿਕ ਸਰਬ ਵਿਆਪਕ ਪਦਾਰਥਾਂ ਦੀ ਕੇਵਲ ਭਾਵਨਾ ਕਰ ਸਰਬ ਵਿਆਪਕ ਇਸ਼ਟ ਦੇਵ ਦੀ ਆਰਤੀ ਹੋਂਦੀ ਹੈ ਅਤੇ ਧੂਪ ਦੀਪ ਘ੍ਰਿਤ ਆਦਿਕ ਇਕ ਦੇਸ਼ੀ ਪ੍ਰਤੱਖ ਪਦਾਰਥਾਂ ਕਰ ਪ੍ਰਤੱਖ

ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿਕ ਇਕ ਜੇਸੀ ਪੂਜ ਪਦਾਰਥਾਂ ਦੀ ਆਰਤੀ ਹੋਂਦੀ ਹੈ ਅਰਥਾਤ ਸਰਗੁਣ ਨਿਰਗੁਣ ਦੋਆਂ ਦੀ ਇਕਠੀ ਹੀ ਆਰਤੀ ਹੋ ਜਾਇਆ ਕਰਦੀ ਹੈ। ਜੋ ਹੋਰਨਾਂ ਸਭਨਾਂ ਪੰਥਾਂ ਸੰਪ੍ਰਦਾਵਾਂ ਤੋਂ ਵਧ ਕੇ ਇਹ ਉਤਮ ਰੀਤੀ ਕੇਵਲ ਸਿਖ ਪੰਥ ਵਿਚ ਹੀ ਹੈ।

## ਦੀਪਕ ਵਿਧਾਨ

ਆਰਤੀ ਦੇ ਵਿਚ ਘ੍ਰਿਤ ਦੇ ਦੀਪਕ ਜਗਾਉਣ ਦਾ ਪ੍ਰਯੋਜਨ ਅਤਿਅੰਤ ਖੁਸ਼ੀਆਂ ਤੇ ਚਾਵਾਂ ਦਾ ਪ੍ਰਗਟ ਕਰਨਾ ਹੈ। ਹਿੰਦ ਦੇਸ਼ ਦੀ ਕਹਾਵਤ ਹੈ ਖੁਸ਼ੀਆਂ ਤੇ ਚਾਵਾਂ ਸਮੇਂ ਘਿਉ ਦੇ ਦੀਵੇ ਬਾਲਣੇ ਜੈਸੇ ਖੁਸ਼ੀਆਂ ਅਤੇ ਚਾਉ ਦੇ ਪ੍ਰਗਟ ਕਰਨ ਲਈ ਕਿਹਾ ਜਾਂਦਾ ਹੈ ਕਿ ਭਾਈ ਅਜ ਘਿਉ ਦੇ ਦੀਵੇ (ਘੀ ਕੇ ਚਰਾਗ) ਜਲਾਓ। ਸੋ ਜਿਥੇ ਘਿਉ ਦੇ ਦੀਵੇ ਬਲਣ ਉਥੇ ਖੁਸ਼ੀਆਂ ਚਾਉ ਅਨੰਦ ਮੰਗਲ ਦਾ ਨਿਵਾਸ ਮੰਨਿਆ ਜਾਂਦਾ ਹੈ। ਇਹ ਕਾਰਨ ਹੈ ਕਿ ਮਾਤਮ ਤੇ ਸੋਗ ਦੇ ਸਮੇਂ ਜੋੜ ਮੇਲੇ ਵਿਚ ਦੀਪਕ ਜਗਾਇਕਰ ਆਰਤੀ ਕਰਨ ਦਾ ਨੇਮ ਨਹੀਂ ਹੈ। ਆਨੰਦ ਮੰਗਲ ਦੇ ਜੋੜ ਮੇਲੇ ਵਿਚ ਦੀਪਕ ਜਗਾਇ ਕਰ ਆਰਤੀ ਹੋਇਆ ਕਰਦੀ ਹੈ। ਸੋ ਦੀਪਕ ਜਗਾਇ ਤੋਂ ਬਿਨਾਂ ਆਰਤੀ ਕਰਨ ਦਾ ਪ੍ਰਯੋਜਨ ਮਾਤਮ ਸਮੇਂ ਦੇ (ਸੋਗ) ਗਮੀ ਦੇ ਸਮਾਗਮ ਪ੍ਰਗਟ ਕਰਨ ਦਾ ਚਿਨ੍ਹ ਹੈ। ਤਾਂਤੇ ਉਤਸ਼ਾਹ ਸਮੇਂ ਜਰੂਰ ਦੀਪਕ ਜਗਾਇ ਕਰ ਆਰਤੀ ਕਰਨ ਦੀ ਲੋੜ ਹੈ ਜੋ ਸਦਾ ਹੋਇਆ ਕਰਦੀ ਹੈ ਠੀਕ ਹੈ।

## ਕੇਸਰ ਆਦਿਕ ਗੰਧ ਦੇ ਤਿਲਕ ਦਾ ਵਿਧਾਨ

ਕੇਸਰ ਆਦਿਕ ਗੰਧ ਦੇ ਤਿਲਕ ਕਰਨ ਦਾ ਇਹ ਪ੍ਰਯੋਜਨ ਹੈ ਕਿ ਜਿਸਨੂੰ ਟਿਕਾ ਲਗਾਇਆ ਜਾਏ ਉਸ ਨੂੰ ਵਡਾ ਮੰਨਣ ਦਾ ਚਿਨ੍ਹ ਹੈ ਜੈਸੇ ਤਿਲਕ ਹੋਣੇ ਕਰ ਹੀ ਰਾਜੇ ਨੂੰ ਰਾਜ ਗਦੀ ਦਾ ਅਧਿਕਾਰ। ਗੁਰੂ ਨੂੰ ਗੁਰਗੱਦੀ ਦਾ ਅਧਿਕਾਰ। ਮਹੰਤ ਨੂੰ ਸੰਤਾਂ ਵਲੋਂ ਮਹੰਤਾਈ ਦਾ ਅਧਿਕਾਰ ਪ੍ਰਾਪਤ ਹੁੰਦਾ ਹੈ। ਇਤ ਆਦਿਕ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਿਲਕ ਕਰਨਾ ਗੁਰੂ ਗ੍ਰੰਥ ਸਾਹਿਬ ਜੀ ਦੇ ਉਚੇ ਅਧਿਕਾਰ ਨੂੰ ਸਵੀਕਾਰ ਕਰਨਾ ਹੈ।

## ਪੁਸ਼ਪ ਚੜ੍ਹਾਉਣ ਦਾ ਵਿਧਾਨ

ਪੁਸ਼ਪ ਚੜ੍ਹਾਉਣ ਕਰ ਭੀ ਅਧਿਕਾਰ ਨੂੰ ਸਵੀਕਾਰ ਕਰਨਾ ਹੈ। ਜਿਸ ਪਦਵੀ ਦੇ ਜੋ ਲਾਇਕ ਹੋਵੇ ਉਸ ਪਦਵੀ ਪਰ ਉਸ ਦੀ ਯੋਗਤਾ ਅਤੇ ਅਰੂਢਤਾ ਦਾ ਮੰਨਣਾ ਹੈ ਲੋਕਕ ਪ੍ਰਮਾਨ ਇਹ ਭੀ ਹੈ ਕਿ ਜਿਸ ਕਿਸੀ ਲਿਖਤ ਦੇ ਕਿਸੀ ਨੂੰ ਮੰਨਣ ਲਈ ਕਹਿਆ ਜਾਂਦਾ ਹੈ ਤਾਂ ਇਹ ਕਹਿਣ ਦੀ ਰਸਮ ਹੈ ਕਿ ਭਈ ਇਸ ਲਿਖਤ ਪਰ ਫੂਲ ਚਾੜ੍ਹ ਜਿਸ ਦਾ ਤਾਤ ਪਰਯ ਲਿਖਤ ਦੇ ਵਿਚ ਲਿਖੀ ਹੋਈ ਗਲ ਦੇ ਮੰਨ ਕੇ ਅਮਲ ਕਰਨ ਦਾ ਹੈ। ਸੋ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰ ਫੂਲ ਚੜ੍ਹਾਉਣ ਦਾ ਪ੍ਰਯੋਜਨ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਵਡਿਆਈ ਅਤੇ ਜੋ ਕੁਛ ਵਿਚ ਲਿਖਿਆ ਹੈ ਸਾਨੂੰ ਮਨਜ਼ੂਰ ਹੈ।

## ਧੂਪ ਧੁਖਾਉਣ ਦਾ ਵਿਧਾਨ

ਸੁਗੰਧੀ ਆਦਿਕ ਧੂਪ ਦਾ ਧੁਖਾਉਣਾ ਭੀ ਉਤਸਾਹ ਨੂੰ ਪ੍ਰਗਟ ਕਰਨ ਦਾ ਚਿਹਨ ਹੈ ਤਥਾ ਨਾਲ ਹੀ ਪਵਣ ਦੀ ਸ਼ੁਧੀ ਦਾ ਉਪਾਉ ਹੈ ਜੋ ਬਾਹਲੀ ਸੰਗਤ ਦੀ ਭੀੜ ਵਿਚ ਪ੍ਰਸਵਾਸਾਂ

ਕਰਕੇ ਮੰਦਰ ਸਥਾਨ ਦੇ ਅੰਦਰ ਦੀ ਪਵਨ ਜੂਠੀ ਅਸ਼ੁਧ ਅਤੇ ਅਰੋਗਤਾ ਦੇ ਉਲਟ ਹੋ ਜਾਂਦੀ ਹੈ ਤਾਂ ਧੂਪ ਧੁਖਾਉਣ ਕਰ ਓਹ ਪਵਨ ਸ਼ੁਧ ਹੋ ਕਰ ਸੁਚਤਾ ਅਤੇ ਅਰੋਗਤਾ ਦੇ ਪ੍ਰਾਪਤ ਕਰਨ ਵਾਲੀ ਹੋ ਜਾਂਦੀ ਹੈ ਤਥਾ ਹਿਰਦਾ ਕਮਲ ਖਿੜ ਆਂਵਦਾ ਹੈ।

### ਨਈਵੇਦ ਦਾ ਵਿਧਾਨ

ਕੜਾਹ ਪ੍ਰਸ਼ਾਦ ਆਦਿਕ ਨਈਵੇਦ ਜੋ ਸੰਗਤ ਦੇ ਮੁਖ ਪੈਂਦਾ ਹੈ ਤਿਸਕਰ ਸਰਬ ਸੰਗਤ ਦਾ ਆਤਮਾ ਪ੍ਰਸੰਨ ਹੋਂਦਾ ਹੈ। ਸੋ ਬਾਲ ਤੋਂ ਬਿਰਧ ਪ੍ਰਜੰਤ ਜਿਸ ਦੇ ਮੁਖ ਪਵੇ ਪ੍ਰਸੰਨਤਾ ਦਾ ਕਾਰਨ ਹੈ। ਹੋਰ ਕੋਈ ਵਸਤੂ ਕਿਸੀ ਨੂੰ ਭਾਉਂਦੀ ਹੈ ਕਿਸੀ ਨੂੰ ਨਹੀਂ ਭਾਉਂਦੀ ਕੋਈ ਖਾ ਸਕਦਾ ਹੈ ਕੋਈ ਦੰਦਾਂ ਦੇ ਨਾ ਹੋਣ ਕਰ ਨਹੀਂ ਖਾ ਸਕਦਾ ਪਰ ਕੜਾਹ ਪ੍ਰਸ਼ਾਦ ਅਮੋਲਕ ਪਦਾਰਥ ਸੁਬਾਨ ਕੁਲੀ ਹੈ। ਸੋ ਸਰਬ ਦੇ ਆਤਮਾ ਨੂੰ ਪ੍ਰਸੰਨ ਕਰਨ ਵਾਲਾ ਪਦਾਰਥ ਹੀ ਵਾਹਿਗੁਰੂ ਨੂੰ ਪ੍ਰਸੰਨ ਕਰਨ ਵਾਲਾ ਹੈ। ਵਾਹਿਗੁਰੂ ਹੀ ਸਰਬ ਦਾ ਆਤਮਾ ਹੈ। ਵਾਹਿਗੁਰੂ ਜੀ ਦੇ ਪ੍ਰਸੰਨ ਕਰਨ ਦਾ ਉਪਾਉ ਸਰਬ ਦੇ ਆਤਮੇ ਨੂੰ ਪ੍ਰਸੰਨ ਕਰਨਾ ਹੈ।

ਤਾਂਤੇ ਨਈਵੇਦ ਅਰਥਾਤ ਕੜਾਹ ਪ੍ਰਸਾਦ ਕਰਕੇ ਗੁਰੂ ਤੇ ਅਕਾਲ ਪੁਰਖ ਜੀ ਨੂੰ ਪ੍ਰਸੰਨ ਕਰੀ ਦਾ ਹੈ। ਗੰਧ, ਪੁਸਪ. ਧੂਪ, ਦੀਪ, ਦੇਹ ਦੀ ਪੂਜਾ ਦੀ ਸਮਗ੍ਰੀ ਹੈ ਅਤੇ ਨਈਵੇਦ ਪ੍ਰਾਣ ਅਤੇ ਆਤਮਾ ਦੀ ਪੂਜਾ ਹੈ। ਸਿਧਾਂਤਸਾਰ ਇਹ ਹੈ ਕਿ ਗੰਧ, ਪੁਸ਼ਪ, ਧੂਪ, ਦੀਪ ਆਦਿਕਾਂ ਕਰ ਗੁਰੂ ਗ੍ਰੰਥ ਸਾਹਿਬ ਜੀ ਆਦਿਕ ਇਸਟ ਪਦਾਰਥਾਂ ਦੀ ਪੂਜਾ ਕਰਨੀ ਗੁਰੂ ਕੇ ਸਿਖਾਂ ਦਾ ਪਰਮ ਧਰਮ ਹੈ।

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰਤੀ ਦੀ ਬਿਧ

ਧੂਪ, ਦੀਪ, ਘ੍ਰਿਤ ਸਾਜ ਆਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਬਚਨ ਅਨੁਸਾਰ ਥਾਲ ਦੇ ਵਿਚ ਦੀਪਕ ਜਗਾਉਣਾ ਧੂਪ ਧੁਖ ਉਣਾ ਅਧਿਕਾਰੀ ਪੁਰਸ਼ ਆਰਤੀ ਦਾ ਥਾਲ ਫੜ ਕੇ ਖੜਾ ਹੋਵੇ, ਨਾਲ ਹੀ ਸਾਰੀ ਸੰਗਤ ਖੜੀ ਹੋ ਜਾਵੇ। ਆਰਤੀ ਦੇ ਇਹਨਾਂ ਸ਼ਬਦਾਂ ਦਾ ਉਚਾਰਨ ਹੋਵੇ—ਗਗਨ ਮੈ ਥਾਲ, ਨਾਮ ਤੇਰੋ ਆਰਤੀ, ਧੂਪ ਦੀਪ ਘ੍ਰਿਤ ਸਾਜ ਆਰਤੀ, ਸੁਨ ਸੋਧਿਆ ਇਹ ਚਾਰ ਸ਼ਬਦ ਆਰਤੀ ਦੇ ਉਚਾਰਨ ਕਰਨੇ ਅਤੇ ਆਰਤੀ ਉਤਾਰਨੀ, ਸੰਖਨ ਦੀ ਧੁਨ ਇਹ ਸਵੱਯਾ ਪੜਨਾ, ਇਸ ਸਵੱਯੇ ਵਿਚ ਲਿਖੀ ਕ੍ਰਿਤ ਨਾਲੋ ਨਾਲ ਕਰਨੀ ਸੰਖਨ ਕੀ ਅਤੇ ਘੰਟੇ ਦੀ ਧੁਨਿ ਕਰਨੀ ਫੂਲਾਂ ਦੀ ਬ੍ਰਖਾ ਬਰਸਾਨੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਪਰ ਹੀ ਮਸਤਕ ਪਰ ਕੇਸਰ ਦਾ ਤਿਲਕ ਕਰਨਾ। ਸੋ ਜੈਸੇ ਆਰਤੀ ਦਾ ਨੇਮ ਹੈ ਆਰਤੀ ਦੀ ਅਰਦਾਸ ਕਰਕੇ ਸੰਗਤ ਬੈਠ ਜਾਏ।

ਕੜਾਹ ਪ੍ਰਸ਼ਾਦ ਹੋਵੇ ਤਾਂ ਅਨੰਦ ਸਾਹਿਬ ਦਾ ਪਾਠ ਹੋ ਕਰ ਅਰਦਾਸ ਹੋਵੇ। ਕ੍ਰਿਪਾਨ ਭੇਟ ਹੋ ਕਰ ਬਿਧੀ ਪੂਰਬਕ ਵਰਤਾਇਆ ਜਾਵੇ।

ਗੁਰੂ ਗਰੰਥ ਜੀ ਦੀ ਆਰਤੀ ਹੋ ਜਾਣ ਮਗਰੋਂ ਸੰਗਤ ਨੂੰ ਆਰਤੀ ਦਰਸਾਈ ਜਾਏ। ਅਤੇ ਤਿਲਕ ਕੀਤਾ ਜਾਏ।

ਸ੍ਰੀ ਗੁਰੂ ਘਰ ਦੇ ਵਿਚ ਸੰਗਤ ਨੂੰ ਪਰਮੇਸ਼ਰ ਰੂਪਤਾ ਅਤੇ ਗੁਰੂ ਰੂਪਤਾ ਤੇ ਬੜਾ ਆਦਰ ਮਾਨ ਹੈ ਜੈਸੇ ਭਾਈ ਜੀ ਦਾ ਬਚਨ ਹੈ—

"ਇਕ ਸਿਖ ਦੋਇ ਸਾਧਸੰਗ ਪੰਜੀ ਪਰਮੇਸੁਰ"

ਅਰਥਾਤ ਇਕੇਲਾ ਹੈ ਤਾਂ ਸਿਖ ਹੈ, ਜੇ ਦੋ ਹਨ ਤਾਂ ਸਾਧ ਸੰਗਤ ਦਾ ਦਰਜਾ ਹੈ। ਜੇ ਪੰਜ ਇਕਤਰ ਹੋਣ ਤਾਂ ਪਰਮੇਸ਼ਰ ਦਾ ਦਰਜਾ ਹੈ। ਅਤੇ ਜੇਕਰ ਬਹੁਤ ਸੰਗਤ ਜੁੜੀ ਹੋਵੇ ਤਾਂ ਉਸਦੀ ਮਹਿਮਾ ਕਥਨ ਤੋਂ ਬਾਹਰ ਹੈ। ਸੋ ਆਰਤੀ ਕਰਦਿਆਂ ਸੰਗਤ ਨੂੰ ਭੀ ਹਿਸਾ ਮਿਲਦਾ ਹੈ। ਆਰਤੀ ਦਾ ਦਰਸ਼ ਸਗਤ ਨੂੰ ਕਰਾਉਣਾ ਤਥਾ ਤਿਲਕ ਕਰਨਾ ਏਹ ਮਾਨੋ ਗੁਰੂ ਗ੍ਰੰਥ ਜੀ ਦੀ ਪੂਜਾ ਮਗਰੋਂ ਸੰਗਤ ਦੀ ਪੂਜਾ ਹੈ। ਅਥਵਾ ਜੈਸੇ ਕੋਈ ਸ੍ਰੀ ਗੁਰੂ ਜੀ ਅਗੇ ਪਦਾਰਥ ਦੀ ਭੇਟ ਕਰਦਾ ਹੈ ਤਾਂ ਉਸ ਪਦਾਰਥ ਵਿਚੋਂ ਭੇਟ ਕਰਨ ਵਾਲੇ ਨੂੰ ਪ੍ਰਸ਼ਾਦ ਮਿਲਦਾ ਹੈ ਤਾਂਤੇ ਚਾਹੀਏ ਕਿ ਜੋ ਆਰਤੀ ਦਾ ਦਰਸ ਕਰਾਏ ਹਥ ਜੋੜ ਕਰ ਨਮਸਕਾਰ ਕਰਕੇ ਆਦਰ ਦੇਵੇ ਤਥਾ ਹੀ ਤਿਲਕ ਕਰਨ ਵਾਲੇ ਨੂੰ ਭੀ ਆਦਰ ਦੇਵੇ। ਆਰਤੀ ਦੀ ਜੋਤ ਪਰ ਹਥ ਫੇਰ ਮੂੰਹ ਉਤੇ ਮਲਨ ਬਾਬਤ ਇਕ ਸੰਤ ਮਹਾਤਮਾ ਸਾਇੰਸ ਦੇ ਅਸੂਲਾਂ ਦੇ ਜਾਣੂ ਨੇ ਸਾਇੰਸ ਦੀ ਵਿਦਿਆ ਦੁਆਰਾ ਇਸ ਨੂੰ ਸਿਧ ਕਰਕੇ ਦਸਣ ਦਾ ਲੇਖ ਭੇਜਿਆ ਹੈ ਜਿਸਦਾ ਸੰਖੇਪ ਸਾਰ ਏਹ ਹੈ ਕਿ ਕੁਦਰਤੀ ਬਿਜਲੀ ਦੀਆਂ ਲਹਿਰਾਂ ਤੇ ਲਪਟਾਂ ਸਰੀਰਾਂ ਦੇ ਅੰਦਰ ਭੀ ਤੇ ਬਾਹਰ ਵੀ ਕੰਮ ਕਰ ਰਹੀਆਂ ਹਨ। ਬਿਜਲੀ ਦੀ ਉਸ ਸਮਾਨ ਅਗਨੀ ਅਤੇ ਪ੍ਰਤੱਖ ਪ੍ਰਜਵਲਤ ਅਗਨੀ ਦਾ ਆਪੋ ਵਿਚ ਸਬੰਧ ਹੈ। ਆਰਤੀ ਸਮੇਂ ਜੇ ਸ਼ਬਦ ਬਾਨੀ ਦਾ ਉਚਾਰ ਹੋਂਦਾ ਹੈ ਬਾਹਿਰ ਦੀ ਬਿਜਲੀ ਵਾਲੀ ਸਾਮਾਨ ਅਗਨੀ ਦੀਆਂ ਲਹਿਰਾਂ ਉਸ ਸਬਦ ਬਾਨੀ ਦੇ ਪ੍ਰਭਾਵ ਨੂੰ ਸਮੇਟ ਕਰ ਆਰਤੀ ਦੀ ਜੋਤ ਵਾਲੀ ਵਿਸੇਸ਼ ਸ਼ੁਧ ਅਗਨੀ ਨੂੰ ਪੁਚਾਂਦੀਆਂ ਹਨ ਅਤੇ ਉਸ ਵਿਸ਼ੇਸ਼ ਅਗਨੀ ਵਿਚ ਆਕਰਖਣ ਸ਼ਕਤੀ ਪ੍ਰਧਾਨ ਹੋਂਦੀ ਹੈ। ਜੋ ਉਸ ਪਰਭਾਵ ਨੂੰ ਆਪਣੇ ਵਿਚ ਨਿਵਾਸ ਕਰਨ ਦੀ ਥਾਂ ਦੇਹੀ ਹੈ ਇਧਰ ਹੱਥਾਂ ਦੇ ਵਿਚ ਦੋ ਪ੍ਰਕਾਰ ਦੀਆਂ ਸ਼ਕਤੀਆਂ ਹਨ ਅਰਥਾਤ ਉਂਗਲੀਆਂ ਦੇ ਪੋਟਿਆਂ ਦੇ ਸਿਰਾਂ ਵਿਚ ਉਦਕਰਨ ਸ਼ਕਤੀ ਦਾ ਨਿਵਾਸ ਹੈ ਜਿਨ੍ਹਾਂ ਦੁਆਰਾ ਬਿਜਲੀਦੀਆਂ ਲਪਨਾਂ ਹਰ ਵੇਲੇ ਬਾਹਰ ਨਿਕਲਦੀਆਂ ਰਹਿੰਦੀਆਂ ਹਨ। ਅਤੇ ਹਥ ਦੀ ਹਥੇਲੀ ਵਿਚ ਆਕਰਖਣ ਸ਼ਕਤੀ ਦਾ ਨਿਵਾਸ ਹੈ। ਇਹ ਦੋਵੇਂ ਸ਼ਕਤੀਆਂ ਮਿਸਮਰੇਜਮ ਵਾਲਿਆਂ ਨੇ ਵਰਤੀਆਂ ਨੇ। ਸੋ ਆਰਤੀ ਪਰ ਹਥ ਫੇਰਨ ਕਰ ਇਹ ਹੋਂਦਾ ਹੈ ਕਿ ਜੋਤ ਵਿਚ ਸ਼ਬਦ ਬਾਣੀ ਦੇ ਪ੍ਰਭਾਵ ਇਕਤਰ ਹੋਏ ਵਿਚ ਹਥਾਂ ਦੀਆਂ ਹਥਲੀਆਂ ਬਾਣੀ ਆਕਰਖਣ ਕਰਕੇ ਮੂੰਹ ਪਰ ਮਲਨ ਦੇ ਨਾਲ ਸ਼ਬਦ ਦੇ ਅਸਰ ਦਾ ਮੁਖੜੇ ਵਿਚ ਪ੍ਰਵੇਸ਼ ਹੋਣ ਦਾ ਲਾਭ ਪ੍ਰਾਪਤ ਹੋਂਦਾ ਹੈ।

## ਧੂਪ ਦੀਪ ਘ੍ਰਿਤ ਸਾਜ ਆਰਤੀ

ਘ੍ਰਿਤ ਨਾਮ ਹੈ ਘਿਉ ਦਾ। ਸਾਜ ਜਿਸਤਰਾਂ ਥਾਲ ਵਿਚ ਜੋਤ ਸਜਾਈ ਜਾਂਦੀ ਏ, ਘਿਰਤ ਸਾਜ ਆਰਤੀ ਪਿਛੇ ਪ੍ਰਕਰਣ ਵਿਚ ਆ ਚੁਕਾ ਹੈ ਕਿ ਜੋਤਾਂ ਤੋਂ ਬਿਨਾਂ ਆਰਤੀ ਕਰਨੀ ਸੋਗ ਦਾ ਚਿਨ੍ਹ ਹੈ। ਅਗਰ ਜੋਤ ਗੁਰਬਾਣੀ ਵ ਗੁਰ ਆਸ਼ੇ ਦੇ ਉਲਟ ਹੋਂਦੀ ਤਾਂ ਮੀਰੀ ਪੀਰੀ ਦੇ ਮਾਲਕ ਬਾਬਾ ਅਟਲ ਸਾਹਿਬ ਜੀ ਦਾ ਪ੍ਰਲੋਕ ਗਵਨ ਕਰਨਾ ਸੁਣ ਕੇ ਕਿਉਂ ਹੁਕਮ ਦੇਂਦੇ ਕਿ ਉਹਨਾਂ ਦੀ ਯਾਦਗਾਰ ਬਣਾਓ। ਉਸ ਵਿਚ ਅਖੰਡ ਜੋਤ ਜਗਾਓ ਵ ਬਾਲੋ, ਜੋਤ ਦੁਆਰਾ ਸਾਹਿਬਜ਼ਾਦੇ ਦਾ ਨਿਵਾਸ ਇਥੇ ਹੀ ਰਹੇਗਾ।



ਸ੍ਰੀ ਹਜ਼ੂਰ ਦੇ ਪੋਤਰੇ ਬਾਬਾ ਅਮਰਜੋਤ ਸਿੰਘ ਜੀ (ਸਪੁੱਤਰ ਟਿਕਾ ਸਰਬਜੋਤ ਸਿੰਘ ਜੀ)



ਅਸਥਾਨ ਮਨਸੂਰਾਂ ਵਿਖੇ ਸੇਵਾ ਅਮਾਰਤ ਦਰਸ਼ਨੀ ਡਿਉਢੀ, ਫਰੀ ਹਸਪਤਾਲ ਤੇ ੧੦ ਪ੍ਰੈਸ ਵਿਚ ਸੰਗਤਾਂ ।





ਦਰਸ਼ਨੀ ਡਿਉਢੀ, ਫਰੀ ਹਸਪਤਾਲ; ੧੯ ਪ੍ਰੈਸ ਦੀ ਇਮਾਰਤ ਸ਼ੁਰੂ, ਸੰਗਤਾਂ ਸੇਵਾ ਵਿਚ ਮਨਸੂਰਾਂ ਵਿਖੇ

ਸੋ ਭਾਈ ਸ਼ੰਕਾ ਵਾਦੀ ਸਜਨੋ ਅਗ੍ਰ ਆਰਤੀ ਦੀਵੇ ਬਾਲ ਕੇ ਗੁਰਮਤ ਦੇ ਉਲਟ ਹੁੰਦੀ ਤਾਂ ਜਦ ਸ਼ਸਰਾਮ ਵਿਚ ਚਾਚਾ ਫਗੂਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਆਰਤੀ ਕੀਤੀ ਸੀ ਉਸ ਵਕਤ ਗੁਰੂ ਸਾਹਿਬ ਮਨੈ ਕਰ ਦੇਂਦੇ ਅਤੇ ਰਾਏਕੋਟ ਵਾਲੀ ਰਾਣੀ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਆਰਤੀ ਕਰਨੀ ਦੇ ਉਧਾਰਨ ਇਤਿਹਾਸ ਵਿਚ ਪ੍ਰਗਟ ਹਨ। ਤਾਂ ਦਸ਼ਮੇਸ਼ ਪਿਤਾ ਜੀ ਦੀ ਉਸੇ ਵਕਤ ਰਾਣੀ ਨੂੰ ਰੋਕ ਦੇਂਦੇ ਕੇ ਦੀਵੇਂ ਬਾਲਣੇ ਵ ਜੋਤਾਂ ਜਗਾ ਕੇ ਆਰਤੀ ਕਰਨੀ ਗੁਰਮਤ ਦੇ ਉਲਟ ਹੈ ਪ੍ਰ ਗੁਰੂ ਸਾਹਿਬ ਜੀ ਨੇ ਉਨਾਂ ਨੂੰ ਰੋਕਿਆ ਨਹੀਂ। ਇਸ ਵਾਸਤੇ ਆਰਤੀ ਜੋਤਾਂ ਜਗਾ ਕੇ ਕਰਨੀ ਗੁਰਮਤ ਦੇ ਗੁਰਬਾਣੀ ਦੇ ਵ ਗੁਰੂ ਆਸੇ ਦੇ ਉਲਟ ਨਹੀਂ।

ਇਸ ਵਾਸਤੇ ਉਪ੍ਰੋਕਤ ਇਤਹਾਸ ਵ ਪ੍ਰਸੰਗ ਵ ਗੁਰਬਾਣੀ ਦੇ ਪ੍ਰਮਾਨਾਂ ਨੂੰ ਮੁਖ ਰਖਦੇ ਹੋਏ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਥਾਲ ਵਿਚ ਜੋਤਾਂ ਸਜਾ ਕੇ ਵ ਜਗਾਕੇ ਆਰਤੀ ਹੁੰਦੀ ਹੈ। ਸੋ ਭਾਈ ਸ਼ੰਕਾਵਾਦੀ ਸਜਨੋ ਅਗ੍ਰ ਤੁਹਾਨੂੰ ਕੋਈ ਗੁਰਬਾਣੀ ਦੇ ਪ੍ਰਮਾਣ ਵ ਇਤਹਾਸ ਵਿਚੋਂ ਜੋਤਾਂ ਨਹੀਂ ਜਗਾਵਨ ਦੇ ਆਰਤੀ ਸਮੇਂ ਤੁਹਾਨੂੰ ਯਾਦ ਹੋਵੇ ਯਾ ਸੁਣਿਆ ਹੋਵੇ ਦਸਣ ਦੀ ਕ੍ਰਿਪਾਲਤਾ ਵ ਖੇਚਲ ਕਰਨੀ ਸੇਵਕ ਅਤੀ ਧਨਵਾਦੀ ਹੋਵਾਂਗਾ।

ਖਾਲਸਾ ਪੰਥ ਵਿਚ ਸੰਤ ਸੰਪ੍ਰਦਾਵਾਂ ਸਭ ਜੋਤਾਂ ਜਗਾਕੇ ਥ ਲ ਵਿਚ ਸਜਾਕੇ ਆਰਤੀ ਕਰਦੇ ਹਨ। ਪ੍ਰ ਸ਼ੰਕਾਂਵਾਦੀਆਂ ਦਾ ਪਤਾ ਨਹੀਂ ਕੇਹੜੀ ਮਸਜਿਦ ਦੀ ਇਨਾਂ ਤੇ ਛਾਯਾ ਪਈ ਹੈ ਕੇ ਏਹ ਮਸਜਿਦ ਵਾਂਗੂ ਸੁਨਸਾਨ ਹੀ ਗੁਰ ਦਰਬਾਰ ਨੂੰ ਵ ਤਖਤ ਸਾਹਿਬਾਂ ਨੂੰ ਦੇਖਨਾ ਚਾਹੁੰਦੇ ਹਨ।

# ਅਪੀਲ

## ਦਰਸ਼ਨੀ ਡਿਉਢੀ, ਫਰੀ ਹਸਪਤਾਲ, ੧ੳ ਪ੍ਰੈਸ ਤੇ ਲਾਇਬਰੇਰੀ

ਦਮਦਮਾ ਅਸਥਾਨ ਮਨਸੂਰਾਂ ਵਿਖੇ ਸ਼ੁਰੂ ਹੈ।

ਇਕ ਲੱਖ ਰੁਪੈ ਨਾਲ ਕੇਵਲ ਨੀਂਹਾਂ ਭਰੀਆਂ ਹਨ ਤੇ ਕੰਮ ਰੁਕ ਗਿਆ ਹੈ। ਆਸ ਹੈ ਸੰਗਤਾਂ ਖੁਲ੍ਹੀ ਮਾਇਆ ਘਲਦੀਆਂ ਰਹਿਣਗੀਆਂ ਤਾਂ ਕਾਰਜ ਛੇਤੀ ਮੁਕੰਮਲ ਹੋ ਜਾਵੇਗਾ। ਕੁਲ ਖਰਚਾ 10 ਲੱਖ ਰੁਪਏ ਦੇ ਗੇੜ ਵਿਚ ਹੋਵੇਗਾ।

ਅਫਸੋਸ ਕਿ ਸੇਠ ਕੁੰਦਨ ਦਾਸ ਬੰਬਈ ਵਾਲਿਆਂ ਦੇ ਸੁਰਗਵਾਸ ਹੋ ਜਾਣ ਨਾਲ ਕਾਰਜ ਵਿਚ ਰੁਕਾਵਟ ਪਈ ਹੈ, ਚਾਹੇ ਆਪ ਦਾ ਪ੍ਰਵਾਰ ਸ਼ਰਧਾਲੂ ਹੈ ਪਰ ਸੇਠ ਜੀ ਵਰਗੀ ਦਰਿਆ-ਦਿਲੀ ਨਹੀਂ। ਸਤਿਗੁਰ ਹੋਰ ਅਜਿਹੇ ਸੇਠ ਸੇਵਾਦਾਰ ਆਪਣੇ ਕਾਰਜ ਲਈ ਘਲਣਗੇ।

# ਤੇਰੀ ਤਸਵੀਰ ਨਾਨਕ

ਵਲੋਂ : ਸੇਵਾ ਰਾਮ 'ਨਾਰੰਗ' (Los Angles USA)

ਭਾਰਤ ਮਾਤਾ ਜਦ ਪਾਪਾਂ ਦੇ ਭਾਰ ਸਹਿ ਸਹਿ ਅਤ ਦੁਖੀ ਤੇ ਡਾਢੀ ਲਾਚਾਰ ਹੋਈ।
ਸਾਰੇ ਦੇਵੀਆਂ ਦੇਵਤੇ ਪਰਖ ਬੈਠੀ ਕਿਧਰੋਂ ਮਿਲੀ ਧਰਵਾਸ ਨਾ ਮਿਲੀ ਢੋਈ।
ਬੜੀ ਨਿਰਾਸ ਹੋ ਕੇ ਇਹ ਸਮਝ ਬੈਠੀ ਮੇਰੇ ਬਚਣ ਦਾ ਨਹੀਂ ਉਪਾ ਕੋਈ।
ਦਿਸਦਾ ਕੋਈ ਨਹੀਂ ਮੈਨੂੰ ਬਚਾਣ ਵਾਲਾ ਢਾਈਂ ਮਾਰ ਕੇ ਤੇ ਜ਼ਾਰੋ ਜ਼ਾਰ ਰੋਈ।
ਅਚਨ ਚੇਤੀ ਮਰ ਅਕਾਸ਼ੋ ਅਵਾਜ਼ ਆਈ ਛੇਤੀ ਆਵੇਗਾ ਜਗਤ ਦਾ ਪੀਰ ਨਾਨਕ।
ਰੂਹਾਂ ਸੜਦੀਆਂ ਨੂੰ ਠੰਡਾ ਠਾਰ ਕਰਸੀ ਸਤਿਨਾਮ ਦੀ ਦੇਹ ਅਕਸੀਰ ਨਾਨਕ।
ਪਿਆਰੀ ਕਤਕ ਦੀ ਪੁਨਿਆ ਧੰਨ ਹੈ ਤੂੰ ਤੇਰੇ ਵਾਰ ਸਤਿ ਗੁਰੂ ਸੰਸਾਰ ਆਇਆ।
ਦੀਨ ਦੁਖੀਆਂ ਦਾ ਗਮਖਾਰ ਆਇਆ ਨਾਨਕ ਰੂਪ ਵਿਚ ਆਪ ਕਰਤਾਰ ਆਇਆ।
ਅੰਧੇਰਾ ਪਾਪਾਂ ਦਾ ਜਗ ਤੋਂ ਦੂਰ ਹੋਇਆ, ਸੂਰਜ ਸਚ ਦਾ ਮੁਖੜਾ ਸੁਆਰ ਆਇਆ।
ਬੇੜੇ ਪਾਪੀਆਂ ਦੇ ਡਗਮਗਾਂਦਿਆਂ ਨੂੰ ਨਾਮ ਚਪੂ ਲਾ ਕੇ ਕਰਨ ਪਾਰ ਆਇਆ।
ਵਡੇ ਵਡੇ ਜ਼ਾਲਮ ਆਕੜਖਾਨ ਸਾਰੇ ਆ ਕੇ ਕਰ ਦਿਤੇ ਸਿਧੇ ਤੀਰ ਨਾਨਕ।
ਸਜਣ ਠਗ ਵਰਗੇ ਪਲ ਵਿਚ ਸਿਧੇ ਹੋ ਗਏ ਚਰਨ ਛੋਹ ਕੇ ਗੁਣੀ ਗਹੀਰ ਨਾਨਕ।
ਅਰਸ਼ੀ ਪ੍ਰੀਤਮ ਜੀ ਤੂੰ ਸੰਸਾਰ ਤਾਈਂ ਸਬਕ ਏਕਤਾ ਵਾਲਾ ਪੜ੍ਹਾਇਆ ਸੀ।
ਸਤ ਨਾਮ ਦੀ ਘੁਟੀ ਪਿਲਾ ਕੇ ਤੇ ਦੂਈ ਦੂਵੈਤ ਦਾ ਨਾਸ ਕਰਾਇਆ ਸੀ।
ਕਢ ਕੇ ਦਿਲਾਂ ਚੋਂ ਸਭ ਦੇ ਈਰਖਾ ਨੂੰ ਪਿਆਰ ਕਰਨ ਦਾ ਵਲ ਸਿਖਾਇਆ ਸੀ।
ਕੀ ਲਿਖ ਕੇ ਦਸਾਂ ਉਪਕਾਰ ਤੇਰਾ ਦੁਖੀ ਭਾਰਤ ਤੂੰ ਸੁਖੀ ਕਰਾਇਆ ਸੀ।
ਹਿੰਦੂ ਸਿਖ ਮੁਸਮਲ ਤੇਰੇ ਮੁਰੀਦ ਬਨ ਗਏ ਸੁਣੀ ਜਿਨਾਂ ਨੇ ਤੇਰੀ ਤਕਰੀਰ ਨਾਨਕ।
ਰੀਠੇ ਮਿਠੇ ਹੋਏ ਫਨੀਅਰ ਗਏ ਮੋਹੇ ਵੇਖ ਵੇਖ ਕੇ ਤੇਰੀ ਤਸਵੀਰ ਨਾਨਕ।
ਪ੍ਰੀਤਮ ਦੇਖਿਆ ਸੈਕਾਬੇ ਵਿਚ ਬੈਠਾ ਮਕਾ ਵਾਂਗ ਭੰਬੀਰੀ ਭੁਆ ਰਿਹਾ ਸੈਂ।
ਅਫਗਾਨਿਸਤਾਨ ਅੰਦਰ ਕਿਧਰੇ ਪੋਚ ਕੇ ਤੇ ਕੰਧਾਂ ਘੜਿਆਂ ਵਾਂਗ ਦੁੜਾ ਰਿਹਾ ਸੈਂ।
ਕਿਧਰੇ ਅਪੜ ਕੇ ਤੂੰ ਪੁਠੋਹਾਰ ਅੰਦਰ ਪਥਰ ਮੋਮ ਕਰ ਕੇ ਪੰਜੇ ਲਾ ਰਿਹਾ ਸੈਂ।
ਸੁਕੇ ਕਿਕਰਾਂ ਤੇ ਰੈਹਮਤ ਦੀ ਨਜ਼ਰ ਕਰਕੇ ਲਡੂ ਪੇੜਿਆਂ ਦਾ ਮੀਂਹ ਵਸਾ ਰਿਹਾ ਸੈਂ।
ਤੇਰੇ ਮੁਖੜੇ ਦੀ ਝਲਕ ਦੇਖ ਕੇ ਤੇ ਤੇਰਾ ਸਿਖ ਬਣਿਆ ਬਾਬਰ ਮੀਰ ਨਾਨਕ।
ਜੋਗੀ ਜਤੀ ਤਪੀ ਚਰਨੀ ਢਹਿ ਪੈਂਦੇ ਜਦੋਂ ਦੇਖਦੇ ਸ਼ਕਲੇ ਮੁਨੀਰ ਨਾਨਕ।
ਆ ਸੋਹਣਿਆਂ ਦੇ ਸੁਲਤਾਨ ਸਤਿ ਗੁਰੂ ਆਵੇ ਜਿਵੇਂ ਸ਼ਾਲਾ ਫਿਰ ਇਕ ਵਾਰ ਮੁੜ ਕੇ।
ਆਪੋ ਵਿਚ ਪਏ ਲੜਦੇ ਸਿਖ ਤੇਰੇ ਤੇਰਾ ਹੁਕਮ ਹਨ ਬੈਠੇ ਵਿਸਾਰ ਮੁੜ ਕੇ।
ਭੈੜੀ ਫੁਟ ਨੇ ਸ਼ਾਨ ਵੈਰਾਨ ਕੀਤੀ ਦਰਸ਼ਨ ਦੇ ਤੇ ਕਰ ਇਕ ਸਾਰ ਮੁੜ ਕੇ।
ਬੇੜੀ ਦੇਸ਼ ਦੀ ਫਿਰ ਪਈ ਡੋਲਦੀ ਏ ਨਾਮ ਚਪੂ ਲਾ ਕੇ ਕਰ ਦੇ ਪਾਰ ਮੁੜ ਕੇ।
ਸ਼ਾਨ ਸੁਵਰਗ ਦੇ ਲਖਾਂ ਦਾ ਚਾਹ ਕੋਈ ਨੀ ਤੇਰੀ ਗੋਦੜੀ ਦੀ ਜੇ ਲਭੇ ਲੀਰ ਨਾਨਕ
ਨਾਰੰਗ ਹੋਵਾਂ ਭਾਵੇਂ ਕਿਸੇ ਹਾਲ ਅੰਦਰ ਰਵੇ ਅਖਾਂ ਵਿਚ ਤੇਰੀ ਤਸਵੀਰ ਨਾਨਕ।

# 22 ਸਾਲ ਦੀ ਉਦਾਸੀ ਵੇਲੇ ਬੇਬੇ ਨਾਨਕੀ ਦੇ ਤਰਲੇ

ਤੁਰਨ ਲਗੇ ਸਉ ਜਗਤ ਉਧਹਾਰ ਦੇ ਲਈ ਬੇਬੇ ਨਾਨਕੀ ਕਰਦੀ ਹਜ਼ਾਰ ਤਰਲੇ ।
ਤਕ ਵੀਰ ਜੀ ਤੇਰੇ ਲਾਲ ਪੁਤ੍ਰ ਰੋ ਰੋ ਕਰਦੇ ਬੇਸ਼ੁਮਾਰ ਤਰਲੇ ।
ਧਰਮ ਪਤਨੀ ਵਲ ਤੂੰ ਵੇਖ ਤਾਂ ਸਹੀ ਹਥ ਜੋੜ ਕੇ ਕਰਦੀ ਦਾਤਾਰ ਤਰਲੇ ।
ਤੇਰੇ ਬਿਨਾ ਵੀਰਾ ਸਾਡਾ ਕੌਣ ਵਾਲੀ ਤਾਹੀਓਂ ਆਏ ਹਾਂ ਕਰਨ ਕਰਤਾਰ ਤਰਲੇ ।
ਰਬ ਦਾ ਵਾਸਤਾ ਹੀ ਜਾ ਨਾ ਛੋੜ ਵੀਰਾ ਅਸੀਂ ਵਿਛੋੜੇ ਨੂੰ ਝਲ ਨਾ ਸਕਦੇ ਹਾਂ ।
ਜਿਵੇਂ ਈਦ ਦੇ ਚੰਨ ਦੀ ਉਡੀਕ ਰਹਿੰਦੀ ਤਿਵੇਂ ਰਾਹ ਤੇਰਾ ਅਸੀਂ ਤਕਦੇ ਹਾਂ ।

ਧੰਨ ਸੀ ਜਿਗਰ ਤੇਰਾ ਇਹ ਜੁਆਬ ਦਿਤਾ ਭੈਣ ਮੋਹ ਦੀ ਫਾਂਸੀ ਚ ਫਸਾ ਨਾਹੀ ।
ਜੇਹੜੀ ਸੇਵਾ ਕਰਤਾਰ ਨੇ ਦਿਤੀ ਮੈਨੂੰ ਰੋੜਾ ਉਸ ਵਿਚ ਤੂੰ ਅਟਕਾ ਨਾਹੀ ।
ਖਲਕਤ ਹਉਮੈ ਦੀ ਅਗ ਵਿਚ ਸੜ ਰਹੀ ਏ ਜਿਸ ਦੀ ਬਚਣ ਦਾ ਕੋਈ ਰਾਹ ਨਾਹੀ ।
ਬੇੜੇ ਪਾਪੀਆਂ ਦੇ ਰੁੜਦੇ ਠਲਣੇ ਹਨ ਬਿਨਾ ਜਾਣ ਦੇ ਹੋਰ ਕੋਈ ਵਾਹ ਨਾਹੀ ।
ਮਾਤ ਲੋਕ ਵਿਚ ਜਦੋਂ ਮੈਂ ਆਉਣਾ ਸੀ ਮੈਨੂੰ ਹੁਕਮ ਕਰਤਾਰ ਸੁਣਾ ਦਿਤਾ ।
ਬੇੜੇ ਪਾਪੀਆਂ ਦੇ ਡੁਬਦੇ ਤਾਰ ਨਾਨਕ ਐਸੇ ਵਾਸਤੇ ਮੈਂ ਤੈਨੂੰ ਪਠਾ ਦਿਤਾ ।

ਮੈਂ ਭੈਣ ਜੀ ਫਿਰ ਕੇ ਜਗਤ ਸਾਰਾ ਵਿਗੜੇ ਕੰਮਾਂ ਤੇ ਤਾਈਂ ਸਵਾਰਨਾ ਹੈ ।
ਅਜ ਰੀਠਿਆਂ ਨੂੰ ਜਾ ਕੇ ਮਿਠਾ ਕਰਨਾ ਕਿਧਰੇ ਸਪ ਫਨੀਅਰ ਜਾ ਕੇ ਤਾਰਨਾ ਹੈ ।
ਕਿਧਰੇ ਜੇਲ ਦੀਆਂ ਚਕੀਆਂ ਚਲਾ ਕੇ ਤੇ ਬਾਬਰ ਸ਼ਾਹ ਦਾ ਮਾਨ ਨਿਵਾਰਨਾ ਹੈ ।
ਸਤਿਨਾਮ ਦੀ ਘੁਟੀ ਪਿਲਾ ਕਿਧਰੇ ਚੋਰਾਂ ਠਗਾਂ ਦੇ ਤਾਈਂ ਸੁਧਾਰਨਾ ਹੈ ।
ਭਾਰੀ ਪ੍ਰਬਤਾਂ ਨੂੰ ਪੰਜੇ ਨਾਲ ਠਲਕੇ ਮਾਣ ਵਲੀ ਕੰਧਾਰੀ ਦਾ ਦੂਰ ਕਰਸਾਂ ।
ਲਹੂ ਕਢ ਕੇ ਭਾਗੋ ਦੇ ਪੂੜਿਆਂ ਚੋਂ ਉਸ ਦੇ ਮਾਣ ਤਾਈਂ ਚਕਨਾ ਚੂਰ ਕਰਸਾਂ ।

ਪਰ ਬੇਬੇ ਬਚਨ ਇਕ ਤੈਨੂੰ ਮੈਂ ਦੇਵੇਂਦਾ ਹਾਂ ਜਿਸ ਨੂੰ ਸੁਆਸਾਂ ਤਕ ਤੋੜ ਨਿਭਾਵਾਂਗਾ ਮੈਂ ।
ਸਚੇ ਦਿਲੋਂ ਤੂੰ ਜਦੋਂ ਯਾਦ ਕਰਸੇਂ ਉਨਾਂ ਪੈਰਾਂ ਤੇ ਚਲ ਕੇ ਆਵਾਂਗਾ ਮੈਂ ।
ਭਾਵੇਂ ਅਖੀਆਂ ਤੋਂ ਕਿਡਾ ਦੂਰ ਹੋਸਾਂ ਤੇਰੇ ਦਿਲ ਚੋਂ ਦੂਰ ਨ ਜਾਵਾਂਗਾ ਮੈਂ ।
ਤੇਰੇ ਮਨ ਦੀ ਜੇਹੜੀ ਮੁਰਾਦ ਹੋਸੀ ਮਨ ਮੁਰਾਦ ਉਹ ਪੂਰੀ ਕਰਵਾਂਗਾ ਮੈਂ ।
ਲਉ ਭੈਣ ਜੀ ਸਤਿ ਕਰਤਾਰ ਬੋਲੋ ਖੁਸ਼ੀ ਨਾਲ ਸਾਨੂੰ ਸਾਰ ਆਪ ਟੋਰੋ ।
ਜੇਹੜਾ ਸਾਰੇ ਸੰਸਾਰ ਦਾ ਹੈ ਰਾਖਾ ਵਾਂਗ ਡੋਰ ਸਾਰੇ ਉਸ ਦੇ ਉਤੇ ਛੋੜੋ ।

ਇਕ ਦਿਨ ਰੋਟੀ ਪਕਾਉਂਦੀ ਭੈਣ ਤਾਈਂ ਅਚਨ ਚੇਤੀ ਇਹ ਦਿਲ ਵਿਚ ਖਿਆਲ ਆਇਆ ।
ਬਾਰਾਂ ਵਰ੍ਹੇ ਅਜ ਪੂਰੇ ਲੰਘ ਗਏ ਹਨ ਨਹੀਂ ਵੀਰਨੇ ਦਾ ਕੋਈ ਹਾਲ ਆਇਆ ।
ਰਾਹ ਤਕ ਤਕ ਕੇ ਅਖੀਆਂ ਪਕ ਗਈਆਂ ਨਾ ਕੋਈ ਜੁਆਬ ਤੇ ਨਹੀਂ ਸਆਲ ਆਇਆ ।
ਜੇਕਰ ਅਜ ਭੀ ਵੀਰ ਨਾ ਮਿਲੇ ਆ ਕੇ ਤਾਂ ਸਚ ਜਾਣੋ ਮੇਰਾ ਕਾਲ ਆਇਆ ।
ਪੁਜ ਗਈ ਭੈਣ ਦੀ ਤਾਰ ਬੇਤਾਰ ਕਰਨੀ ਤੁਸਾਂ ਮਕੇ ਤੋਂ ਲਾਈਆਂ ਉਡਾਰੀਆਂ ਸਨ ।
ਭੈਣ ਵਿਲਕਦੀ ਦੇ ਸੀਨੇ ਚ ਠੰਡ ਪਾਈ ਰੂਹਾਂ ਸੜਦੀਆਂ ਨਾਰੰਗ ਜੀ ਠਾਰੀਆਂ ਸਨ ।

# ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ ਦੇਵਤਰੂ

## ਅਥ ਕਥਾ ਪ੍ਰਸੰਗ

ਊਨੇ ਸਾਹਿਬ ਦੇ ਪਸਚਮ ਕੀ ਔਰ ਸਵਾਂ ਕੇ ਪਾਰ ਬਡੇ ਊਚੇ ਅਸਥਾਨ ਪਰਬਤ ਪਰ ਸਲੋਹ ਨਾਮ ਨਗਰ ਹੈ। ਊਨੇ ਸਾਹਿਬ ਸੇ ਏਕ ਯੋਜਨ ਭਰ ਤਹਾਂ ਭਾਈ ਤੇਜਾ ਸਿੰਘ ਮਹੰਤ ਬਾਬਾ ਕਲਾਧਾਰੀ ਕੇ ਦਰਬਾਰ ਕਾ ਹੈ। ਆਚਾਰਯ ਬਡਾ ਮਰਯਾਦਾ ਦਾ ਖੁਰਖੋਤਮ ਜੀਵਨਮੁਕਤ ਬਡੇ ਉਦਾਰ ਆਤਮਾ ਬਡੇ ਗੁਰੂ ਜੀ ਕੇ ਪਯਾਰੇ ਗੁਰਮੁਖ ਸਿੰਘ ਥੇ ॥ ਭਾਈ ਤੇਜਾ ਸਿੰਘ ਜੀ ਸੇ ਸੰਤ ਸਿੰਘ ਵਕੀਲ ਨੇ ਪੂਛ ੨ ਕੇਹੀ ਗੁਰੂ ਸਾਹਿਬ ਸਿੰਘ ਜੀ ਕਾ ਗੁਰਬਿਲਾਸ ਲਿਖਾ ਹੈ। ਨਾਮ ਭੀ ਇਨ ਕਾ ਤੇਜਾ ਸਿੰਘ ਓ ਸੇ ਭੀ ਤੇਜ ਕੀ ਨਿਧ ਥੇ ਬਹੁਤੇ ਹੀ ਗੁਰਮੁਖ ਗੁਰੂ ਜੀ ਕੇ ਪਯਾਰੇ ਇਨ ਸੇ ਵਰਸੋਏ ਹੈਂ। ਭਾਈ ਤੇਜਾ ਸਿੰਘ ਬਡੇ ਗੁਰਮੁਖ ਬਡੇ ਭਰੋਸੇ ਵਾਲੇ ਜਿਨੋ ਨੇ ਨਿਹਸੰ ਦੇਹ ਹਸਤਾਮਲਕਵਤ ਬ੍ਰਹਮ ਆਤਮਾ ਕਾ ਐਕਯ ਸਾਖਯਾਤਕਾਰ ਕੀਆ ਹੈ ਸਰਬ ਭ੍ਰਾਂਤੀ ਅਗਯਾਨ ਕੋ ਨਿਬ੍ਰਿਤੀ ਕਰਕੇ ਬ੍ਰਹਮ ਆਤਮਾਐ ਕਯ ਸੁਖ ਕੋ ਭੋਗਤ ਹੂਏ ਅਨੁਭਵ ਕਰਤੇ ਹੂਏ ਜੀਵਨ ਮੁਕਤ ਹੋ ਕੇ ਇਸ ਭੂਮੀ ਪਰ ਵਿਚਰਤੇ ਹੈਂ ॥੧॥ ਇਸੀ ਪ੍ਰਕਾਰ ਸ ਬਡੇ ਮਸਤ ਜੀਵਨ ਮੁਕਤ ਪੁਰਖੁ ਬਾਵਾ ਦਯਾਲ ਦਾਸ ਜੀ ਉਦਾਸੀਨ ਸੰਤ ਹੋਤੇ ਭਏ ਹੈਂ। ਊਨੇ ਸਾਹਿਬ ਕੇ ਮਾਰਗ ਮੈ ਸਲੋਹ ਸੇ ਉਰੇ ਪਰਬਤ ਕੇ ਮਾਰਗ ਮੈ ਏਕ ਚੀਨੀ ਘਾਟੀ ਨਾਮ ਕਰਕੇ ਪ੍ਰਸਿਧ ਅਸਥਾਨ ਹੈ ਤਹਾਂ ਬਾਵਾ ਦਯਾਲ ਜੀ ਕਾ ਡੇਰਾ ਹੈ ਤਿਨ ਮਹਾਤਮਾ ਦਯਾਲ ਦਾਸ ਕੋ ਰਾਜਾ ਧਿਰਾਜ ਰਣਜੀਤ ਸਿੰਘ ਨੇ ਏਕ ਗਰਾਮ ਦੀਆ ਹੂਆ ਥਾ। ਸੋ ਉਸ ਪਰਬਤ ਕੀ ਚੀਨੀ ਘਾਟੀ ਕੇ ਮਾਰਗ ਦਵਾਰਾ ਜੋ ਪਰਦੇਸੀ ਲੋਕ ਪਥਕ ਆਤੇ ਜਾਤੇ ਥੇ ਸੋ ਉਨ ਕੋ ਨਿਵਾਸ ਵਾਸਤੇ ਅਸਥਾਨ ਅਰ ਖਾਣੇ ਕੇ ਵਾਸਤੇ ਬਡੀ ਭਾਰੀ ੨ ਮਨਯਾਂ ਦੋ ਅਰ ਦਾਲ ਕਾ ਕੜਛਾ ਮਿਲਤੀ ਥੀ। ਆਪ ਬਾਵਾ ਦਯਾਲ ਦਾਸ ਜੀ ਨੇ ਏਕ ਮਿਟੀ ਕੀ ਟਿੰਡ ਰਖ ਛੋਡੀ ਏਕ ਮਿਟੀ ਕਾ ਠੂਠਾ॥ ਉਸ ਪਯਾਲੇ ਮੈ ਦਾਲ ਭਾਜੀ ਲੈ ਲੇਵੈਂ ਟਿੰਡ ਮੇਂ ਪਾਣੀ ਪੀ ਲੇਵੈਂ। ਇਸੀ ਪ੍ਰਕਾਰ ਸੇ ਵਰਤਤੇ ਹੂਏ ਏਕ ਵਾਰ ਕੁੰਭ ਕੇ ਮੇਲੇ ਪਰ ਚਲੇ ਗਏ ॥ ਜਬ ਉਦਾਸੀਨ ਸੰਤਹੁ ਕੀ ਪੰਕਤੀ ਮੈ ਪ੍ਰਸਾਦ ਛਕਣੇ ਅਰਥ ਅਪਣੇ ਟਿੰਡ ਠੂਠੇ ਲੈ ਬੈਠੇ। ਤਬ ਅਖਾੜੇ ਵਾਲੇ ਸਾਧੂ ਲੋਕੋਂ ਨੇ ਕਹਯਾ ਕੇ ਬਾਵਾ ਜੀ ਆਪ ਪੰਕਤ ਸੇ ਉਠ ਖੜੇ ਹੋਵਹੁ ਤਬ ਦਯਾਲ ਦਾਸ ਜੀ ਨੇ ਕਹਯਾ ਕੇ ਹਮ ਕਯੋਂ ਉਠ ਖੜੇ ਹੋਵੈ ਪਕਤ ਮੈ ਸੇ ਹਮ ਨੇ ਕੋਈ ਪਾਪ ਕਰਮ ਕੀਆ ਹੈ ਜੋ ਹਮ ਪੰਕਤਿ ਸੇ ਬਾਹਰ ਹੋ ਜਾਵੈ ਪੁਨਾ ਉਸ ਸੰਤ ਨੇ ਕਹਯਾ ਕੇ ਮਹਾਰਾਜ ਜੀ ਯਦਯ ਆਪ ਨੇ ਪਾਪ ਕਰਮ ਕੋਈ ਨਹੀਂ ਕੀਆ ਤਥਾ ਪੀ ਸਰਬ ਸੰਤੋਂ ਸੇ ਕ੍ਰਿਯਾ ਆਪ ਕੀ ਵਿਰੁਧ ਹੈ ਵਹੁ ਕਿਆ ਵਿਰੁਧ ਕ੍ਰਿਯਾ ਹੈ ਕੇ ਮਹਾਰਾਜ ਜੀ ਆਪ ਰੋਜ ਕੇ ਜੂਠੇ ਮਿਟੀ ਕੇ ਠੂਠੇ ਪਯਾਲ ਟਿੰਡਰਾਂ ਰਖ ਛੋਡਤੇ ਹੋ ॥ ਤਬ ਸ੍ਰੀ ਦਯਾਲਦਾਸ ਜੀ ਨੇ ਕਹਯਾ ਕੇ ਠੀਕ ਹੈ ਹਮਾਰੇ ਬਰਤਨ ਮਿਟੀ ਕੇ ਹੈਂ ਇਨੋ ਮੈ ਹੀ ਹਰ ਰੋਜ ਖਾਇ ਲੇਤੇ ਹੈਂ ॥ ਪਰੰਤੂ ਤੁਮਾਰੇ ਬਰਤਨ ਕਾਹੇ ਕੇ ਬਣੇ ਹੂਏ ਹੈਂ ਸੂਚੇ ਕਾਹੇ ਸੇ ਕਰਤੇ ਹੋ ॥ ਤਬ ਤਿਸ ਸਾਧੂ ਨੇ

ਕਹਯਾ ਜੀ ਹਮਾਰੇ ਬਰਤਨ ਪਿਤਲ ਤਾਂਬਾ ਰੂਪਾ ਧਾਤੂ ਕੇ ਹੈਂ ਜਲ ਮ੍ਰਿਤਕਾ ਸੇ ਮਾਂਜਨੇ ਸੇ ਸੁਧ ਹੋ ਜਾਤੇ ਹੈਂ । ਸ਼ਾਸਤ੍ਰ ਮੈ ਲਿਖਾ ਹੈ ਕੇ ਧਾਤੂ ਪਾਤ੍ਰੰ ਜਲ ਮ੍ਰਿਤਕਾ ਭਯਾਂ ਸੁਧਯਤਿ ਇਤਿ ਮਿਟੀ ਸੇ ਮਾਂਜ ਕੇ ਜਬ ਪਾਨੀ ਸੇ ਧੋਇ ਡਾਰਯੇ ਤਬ ਸੁਧ ਹੋ ਜਾਤੇ ਹੈਂ । ਤਬ ਪੁਨ: ਬਾਵਾ ਦਯਾਲ ਦਾਸ ਜੀ ਨੇ ਕਹਯਾ ਕੇ ਬਸ ਫਿਰ ਜਿਸ ਮਿਟੀ ਔਰ ਪਾਨੀ ਸੇ ਤੁਮਾਰੇ ਬਰਤਨ ਸੁਧ ਹੋ ਜਾਤੇ ਹੈਂ ਵੋਹੀ ਮਿਟੀ ਕੇ ਹਮਾਰੇ ਬਰਤਨ ਹੈਂ ਇਨ ਕੇ ਬੀਚ ਦੇਖੋ ਪਾਣੀ ਭਰਾ ਹੈ ॥ ਤਬ ਇਨ ਕੇ ਐਸੇ ੨ ਸਿਧਾਂਤ ਮਿਸ੍ਰਤ ਬਚਨੋਂ ਕੋ ਸੁਨ ਕਰ ਸਰਬ ਸਾਧੂ ਹਸਨੇ ਲਗੇ ਬਡੇ ਪਰਸੰਨ ਹੂਏ ਇਨ ਸੰਤਹੁ ਕੇ ਵਚਨੋ ਪਰ ਸਰਧਾ ਕਰਕੇ ਪੂਜਣ ਕਰਤੇ ਭਏ ਓਸੇ ਭੀ ਸਤਯ ਵਾਦੀ ਸਤਯ ਸੰਕਲਪ ਥੇ ॥ ੨॥ ਏਕ ਵਾਰ ਰਾਜਾ ਧਿਰਾਜ ਰਣਜੀਤ ਸਿੰਘ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੇ ਦਰਸ਼ਨ ਕਰਣੇ ਅਰਥ ਊਨੇ ਮੇਂ ਗਯਾ ॥ ਹਜ਼ੂਰ ਕਾ ਦਰਸ਼ਨ ਕਰ ਕੇ ਆਗੇ ਮੋਹਰੁ ਕੀ ਕਿਤਨੀ ਥੈਲੀ ਤਥਾ ਅਨੇਕ ਪ੍ਰਕਾਰ ਕੇ ਮੇਵੇ ਫਲੋਂ ਕੋ ਡਾਲਯਾਂ ਅਨੇਕ ਪ੍ਰਕਾਰ ਕ ਸੁੰਦਰ ਬਸਤਰੋਂ ਕੇ ਥਾਨ ਦੁਸਾਲੇ ਆਗੇ ਧਰ ਕੇ ਮਥਾ ਟੇਕਤਾ ਭਯਾ । ਸੇਨਾ ਸਮੇਤ ਕੋਈ ਦਿਨ ਊਨੇ ਸਾਹਿਬ ਮੇ ਹੀ ਟਿਕ ਭਯਾ । ਤਦਨੰਤਰ ਗੁਰੂ ਸਾਹਿਬ ਜੀ ਕੇ ਆਗੇ ਏਕ ਦਿਨ ਰਾਜਾ ਧਿਰਾਜ ਰਣਜੀਤ ਸਿੰਘ ਨੇ ਅਰਦਾਸ ਕਰੀ ਕੇ ਹੇ ਮਹਾਰਾਜ ਜੀ ਕਿਸੀ ਏਕ ਅਪਣੇ ਪਯਾਰੇ ਅਲਮਸਤ ਕਾ ਦਰਸ਼ਨ ਤੋ ਮੁਝ ਕੋ ਕਰਾਇ ਕੇ ਸਨਾਥ ਕਰੋ । ਸਰਕਾਰ ਕੀ ਅਰਦਾਸ ਸੁਣ ਕੇ ਹਜ਼ੂਰ ਨੇ ਬਚਨ ਕੀਆ ਕੇ ਵੋਹ ਰਣਜੀਤ ਸਿੰਘਾ ਜਾਹੋ ਜੋ ਤੈ ਨੇ ਮੇਰੇ ਪਯਾਰੇ ਸੰਤ ਕਾ ਦਰਸ਼ਨ ਕਰਣਾ ਈ ਤਬ ਕਾਲ ਸ੍ਰਿੰਗੀ ਕੇ ਤਟ ਪਰ ਏਕ ਭਾਈ ਅਮਰ ਸਿੰਘ ਨਾਮ ਕਰਕੇ ਪ੍ਰਸਿਧ ਬਡੇ ਮਸਤ ਸੰਤ ਰਹਤੇ ਹੈਂ ਜਾਹੁ ਉਨਕਾ ਦਰਸ਼ਨ ਕਰਕੇ ਦੇਖ ਲੈ ਕੇ ਅਲਮਸਤ ਨਾਮ ਪਰਮੇਸ਼ਵਰ ਕੇ ਨਾਮ ਕਾ ਜਿਨ ਕੋ ਨਸ਼ਾ ਚੜਾ ਹੂਆ ਹੈ ॥ ਬਿਨਾ ਪਰਮੇਸ਼ਵਰ ਸੇ ਔਰ ਕਿਸੀ ਸੇ ਪਹਚਾਨ ਮਾਤ੍ਰ ਭੀ ਨਹੀਂ ਰਖਤੇ ਹੈਂ । ਏਕ ਪਰਮੇਸ਼ਵਰ ਕੇਹੀ ਰੰਗ ਵਿਖੇ ਰੰਗੇ ਹੂਏ ਹੈਂ ॥ ਰੰਗ ਹਸੈ ਰੰਗ ਰੋਵੈ ਚੁਪ ਭੀ ਕਰ ਜਾਇ ॥

